# ਖਰੀਆਂ-ਖਰੀਆਂ

## ਕਿਹੜੀ ਕਿਤਾਬ ਕਦੋਂ?

ਪਹਿਲਾਂ :

| | | |
|---|---|---|
| ✪ ਕੁਆਰੇ ਬੋਲ | ਗੀਤ ਸੰਗ੍ਰਹਿ | 1975 |
| ✪ ਤੋਹਫਾ ਸੱਜਣਾਂ ਦਾ | ਗੀਤ ਸੰਗ੍ਰਹਿ | 1986 |
| ✪ ਚੜ੍ਹਿਆ ਸੋਧਣ ਧਰਤ ਲੋਕਾਈ | ਗੀਤ ਸੰਗ੍ਰਹਿ | 1987 |
| ✪ ਪਹਾੜ ਜਿੱਡੇ ਲਾਰੇ | ਗੀਤ ਸੰਗ੍ਰਹਿ | 1990 |
| ✪ ਦੂਰ ਵਸੇਂਦੇ ਸੱਜਣਾਂ | ਗੀਤ ਸੰਗ੍ਰਹਿ | 1991 |
| ✪ ਮਹਿਕਦੇ ਬੋਲ | ਕਾਵਿ ਸੰਗ੍ਰਹਿ | 1993 |
| ✪ ਮੋਹ ਭਿੱਜੇ ਬੋਲ | ਗੀਤ ਸੰਗ੍ਰਹਿ | 1993 |
| ✪ ਆਪ ਮੁਹਾਰੇ ਬੋਲ | ਲੋਕ ਬੋਲੀਆਂ | 1997 |
| ✪ ਮੇਰੇ ਖਿਡੌਣੇ | ਬਾਲ ਗੀਤ | 1999 |
| ✪ ਪਾਕਿ ਰੂਹਾਂ ਦੇ ਖ਼ਾਬ | ਗੀਤ ਸੰਗ੍ਰਹਿ | 2000 |
| ✪ ਬਾਲਾਂ ਦੇ ਬੋਲ | ਬਾਲ ਗੀਤ | 2001 |
| ✪ ਵਿਰਸਾ ਆਪਣਾ ਲੈ ਸੰਭਾਲ | ਕਾਵਿ ਸੰਗ੍ਰਹਿ | 2002 |
| ✪ ਮਨ ਦਾ ਮੋਰ | ਗੀਤ ਸੰਗ੍ਰਹਿ | 2003 |
| ✪ ਕਾਵਿ ਪਹਾੜੇ | ਬਾਲ ਕਵਿਤਾਵਾਂ | 2004 |
| ✪ ਮੇਰਾ ਬਸਤਾ | ਬਾਲ ਕਵਿਤਾਵਾਂ | 2004 |
| ✪ ਖਰੀਆਂ-ਖਰੀਆਂ | ਮਿੰਨੀ ਕਹਾਣੀ ਸੰਗ੍ਰਹਿ | 2004 |

# ਖਰੀਆਂ-ਖਰੀਆਂ

(ਮਿੰਨੀ ਕਹਾਣੀ ਸੰਗ੍ਰਹਿ)

*ਅਮਰੀਕ ਸਿੰਘ ਤਲਵੰਡੀ*

*ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ*

*ਖਰੀਆਂ-ਖਰੀਆਂ*
(ਮਿੰਨੀ ਕਹਾਣੀ ਸੰਗ੍ਰਹਿ)

**ਲੇਖਕ : ਅਮਰੀਕ ਸਿੰਘ ਤਲਵੰਡੀ**
ਗਿੱਲ ਨਗਰ, ਗਲੀ ਨੰ: 13,
ਮੁੱਲਾਂਪੁਰ ਦਾਖਾ-ਲੁਧਿਆਣਾ
ਫੋਨ : 0161-2879802-98158-66702

**ਪਹਿਲੀ ਵਾਰ** : ਸਤੰਬਰ, 2004

© ਲੇਖਕ

**ਟਾਈਟਲ** : ਅਮਿੱਤ ਮਿੱਤਰ

**ਪ੍ਰਕਾਸ਼ਕ** : *ਵਿਸ਼ਵਭਾਰਤੀ ਪ੍ਰਕਾਸ਼ਨ,*
ਕੱਚਾ ਕਾਲਜ ਰੋਡ, ਬਰਨਾਲਾ।
ਫੋਨ : 01679-233244, ਫੈਕਸ : 241744
e-mail : anu_bnl@yahoo.com
www.thepunjabi.com

**ਛਾਪਕ : ਇੰਟੀਲੈਕਚੁਅਲ ਪ੍ਰਿੰਟਰਜ਼, ਜਲੰਧਰ।**

**ਕੀਮਤ : ਪੇਪਰ ਬੈਕ 30/-**
**ਸਜਿਲਦ 100/-**

## ਸਮਰਪਿਤ

ਹੱਕ, ਸੱਚ
ਅਤੇ
ਇਨਸਾਫ਼ ਲਈ ਖੜ੍ਹਨ, ਲੜਨ
ਅਤੇ
ਮਰਨ ਵਾਲੀਆਂ ਮਹਾਨ ਸ਼ਖਸੀਅਤਾਂ ਨੂੰ...



# ਮਿੰਨੀ ਕਹਾਣੀ ਦੀ ਮਹਾਨਤਾ

ਕਿਸੇ ਵਸਤੂ ਵਿਚਲੇ ਗੁਣ ਨੂੰ ਉਸਦੀ ਮਹਾਨਤਾ ਆਖਿਆ ਜਾ ਸਕਦਾ ਹੈ। ਗੁਣ ਵਿੱਚ ਗਿਆਨ ਹੁੰਦਾ ਹੈ। ਇਸ ਤਰ੍ਹਾਂ ਗੁਣ ਵਿਚਲੇ ਗਿਆਨ ਦੇ ਸਦੀਵੀ ਤੱਤਾਂ ਦੀ ਸਾਰਥਿਕਤਾ ਨੂੰ ਲੱਭਣ ਵਾਲੀ ਪ੍ਰਯਤਨਸ਼ੀਲ ਪ੍ਰਕ੍ਰਿਆ ਨੂੰ ਸਾਹਿਤ ਆਖਿਆ ਜਾ ਸਕਦਾ ਹੈ। ਮਿੰਨੀ ਕਹਾਣੀ ਸਾਹਿਤ ਦੀਆਂ ਨਵੀਨਤਮ ਵੰਨਗੀਆਂ ਵਿੱਚੋਂ ਮਕਬੂਲੀਅਤ ਗ੍ਰਹਿਣ ਕਰਨ ਵਾਲੀ ਇੱਕ ਵਿਧਾ ਹੈ। ਕੋਈ ਵੀ ਵਿਧਾ ਆਪਣੇ ਵਿਧਾਇਕ ਸੁਭਾਅ ਕਾਰਨ ਹੀ ਸਥਾਪਿਤ ਹੋ ਸਕਦੀ ਹੈ।

ਵਿਧਾਇਕ ਭਾਵ ਧਾਰਾ ਦੀ ਖ਼ੂਬੀ ਹੁੰਦਾ ਹੈ ਕਿ ਉਹ ਕਿਸੇ ਨਾ ਕਿਸੇ ਚਿਣਗ, ਕਿਸੇ ਨਾ ਕਿਸੇ ਜਾਗ੍ਰਿਤੀ, ਕਿਸੇ ਨਾ ਕਿਸੇ ਸੰਵੇਦਨਾ, ਸੂਝ, ਸਿਆਣਪ, ਤੱਥ, ਤੱਤ, ਮੱਤ ਅਤੇ ਸੱਤ ਵੱਲ ਲੈ ਤੁਰਦੀ ਹੈ। ਏਥੇ ਆਕੇ ਇੱਕ-ਦਮ ਜੇਕਰ ਅਮਰੀਕ ਸਿੰਘ ਤਲਵੰਡੀ ਦੇ ਮਿੰਨੀ ਕਹਾਣੀ ਸੰਗ੍ਰਹਿ 'ਖਰੀਆਂ ਖਰੀਆਂ' ਬਾਰੇ ਕੁਝ ਕਹਿਣਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਇਸ ਪੁਸਤਕ ਦੀਆਂ ਕਹਾਣੀਆਂ ਵਿੱਚ ਸੰਵੇਦਨਾਤਮਿਕ ਚੇਤਨਾ ਹੈ।

ਮਿੰਨੀ ਕਹਾਣੀ ਦੀ ਕਲਾਤਮਿਕਤਾ ਉਸਦੇ ਸਪਰਸ਼ ਵਿੱਚ ਛੁਪੀ ਹੋਈ ਹੁੰਦੀ ਹੈ। ਮਿੰਨੀ ਕਹਾਣੀ ਕਿਸੇ ਵਿਸ਼ਾਲ ਭਾਵਧਾਰਾ ਦੀ ਸਿਰਜਣਾ ਨਹੀਂ ਕਰਦੀ ਸਗੋਂ ਇੱਕ ਅਜਿਹੇ ਨੁਕਤੇ ਨੂੰ ਪਾਠਕ ਦੇ ਆਪੇ ਦਾ ਅੰਗ ਬਣਾ ਦਿੰਦੀ ਹੈ, ਜਿਸ ਵਿੱਚ ਆਪਣੀ ਹੀ ਇੱਕ ਸ਼ਿੱਦਤ ਹੁੰਦੀ ਹੈ।

ਤਲਵੰਡੀ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਇਹ ਸ਼ਿੱਦਤ ਹੈ, 'ਲਾਹਣਤ', 'ਗੇਟ', 'ਸ਼ਹੀਦ ਦਾ ਪਹਿਰਾ', 'ਮਹਿਬੂਬ ਨੇਤਾ', 'ਲੱਚਰ ਗੀਤ' ਆਦਿ ਕਹਾਣੀਆਂ ਨੂੰ ਪੜ੍ਹਕੇ ਇਸ ਸ਼ਿੱਦਤ ਨੂੰ ਸਹਿਜੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਨਿਰਸੰਦੇਹ ਸ਼ਿੱਦਤ ਦੀ ਸੁਭਾਵਿਕਤਾ ਨੂੰ ਭੰਗ ਹੋਣ ਤੋਂ ਬਚਾਉਣ ਲਈ ਵਿਸ਼ੇਸ਼ ਕਿਸਮ ਦੀ ਸੰਤੁਲਿਤ ਅਤੇ ਸੰਜਮਿਤ ਸ਼ੈਲੀ ਨੂੰ ਗ੍ਰਹਿਣ ਕਰਕੇ ਹੀ ਮਿੰਨੀ ਕਹਾਣੀ ਦੀ ਰਚਨਾ ਹੋ ਸਕਦੀ ਹੈ।

ਮਿੰਨੀ ਕਹਾਣੀ ਕਿਸੇ ਨਾ ਕਿਸੇ ਰਹੱਸ ਜਾਂ ਤਾਤਵਿਕ ਚੇਤਨਾ ਨੂੰ ਵਿਸਫੋਟਕ ਵਿਧੀ ਨਾਲ ਪ੍ਰਸਾਰਿਤ ਤੇ ਪ੍ਰਚਾਰਿਤ ਕਰਦੀ ਹੈ। ਵੇਖਣ ਵਾਲੀ ਗੱਲ ਤਾਂ ਇਹ ਹੁੰਦੀ ਹੈ ਕਿ ਕਹਾਣੀਕਾਰ ਕਿਵੇਂ ਕਦੋਂ ਤੇ ਕਿਸ ਢੰਗ ਨਾਲ ਕਿਸ ਚੇਤਨਾ ਦਾ ਵਿਸਫੋਟ ਕਰਦਾ ਹੈ। ਵੇਖਿਆ ਜਾਵੇ ਤਾਂ ਅਭੇਦ ਵਿੱਚੋਂ ਭੇਦ ਨੂੰ ਦਰਸਾਉਣਾ ਹੀ ਇਸ ਤਰ੍ਹਾਂ ਦੀ ਵਿਅੰਗਮਈ ਕਲਾ ਦਾ ਵਿਸਫੋਟ ਹੁੰਦਾ ਹੈ। ਅਮਰੀਕ ਸਿੰਘ ਦੀਆਂ ਬਹੁਤ ਸਾਰੀਆਂ ਕਹਾਣੀਆਂ ਇਸ ਪ੍ਰਕਾਰ ਦੇ ਕਲਾਤਮਿਕ ਵਿਸਫੋਟ ਕਾਰਨ ਹਮੇਸ਼ਾ ਹੀ ਅਸਰਦਾਇਕ

ਬਣੀਆਂ ਰਹਿਣਗੀਆਂ।

ਮਿੰਨੀ ਕਹਾਣੀ ਦੁਆਰਾ ਪ੍ਰਸਤੁਤ ਕੀਤਾ ਜਾਣ ਵਾਲਾ ਵਿਅੰਗ ਆਮ ਤੌਰ ਤੇ ਮਨੁੱਖ ਦੇ ਸਮਾਜਿਕ ਵਤੀਰੇ ਦੀ ਵਿਆਖਿਆ ਨਾਲ ਸਰੋਕਾਰ ਬਣਾਕੇ ਤੁਰਦਾ ਰਹਿੰਦਾ ਹੈ। ਜਦੋਂ ਕਦੇ ਇਹ ਸਰੋਕਾਰ ਕਿਸੇ ਕਾਰਨ ਪੇਤਲੀ ਪੱਧਰ ਦੇ ਪ੍ਰਬਚਨ ਤੱਕ ਹੀ ਸੀਮਤ ਹੋਕੇ ਰਹਿ ਜਾਂਦਾ ਹੈ ਤਦ ਉਹ ਵਿਅੰਗ ਬਣ ਜਾਣ ਦੀ ਸਮਰੱਥਾ ਵੀ ਗੁਆ ਬੈਠਦਾ ਹੈ। ਮਿੰਨੀ ਕਹਾਣੀਆਂ ਦੇ ਰਚਨਾਕਾਰ ਨੂੰ ਇਸ ਪ੍ਰਕਰਣ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਮਿੰਨੀ ਕਹਾਣੀ ਦੀ ਖ਼ੂਬੀ ਤੇ ਖ਼ੂਬਸੂਰਤੀ ਇਹ ਹੁੰਦੀ ਹੈ ਕਿ ਉਹ ਕਿਸੇ ਨਾ ਕਿਸੇ ਉਦੇਸ਼ ਤੇ ਆਦਰਸ਼ ਨੂੰ ਰੂਪ-ਮਾਨ ਕਰ ਰਹੀ ਹੁੰਦੀ ਹੈ। ਅਮਰੀਕ ਸਿੰਘ ਹੋਰਾਂ ਦੀ ਇੱਕ ਨਿੱਕੀ ਜਿਹੀ ਕਹਾਣੀ ਹੈ 'ਸੋਚ'। ਇਹ ਕਹਾਣੀ ਜਿਸ ਰਾਗਾਤਮਿਕ ਰੰਗ ਨੂੰ ਮੂਰਤੀਮਾਨ ਕਰਦੀ ਹੈ ਉਹ ਮਾਨਵਵਾਦੀ ਹੈ। 'ਤਰਕਸ਼ੀਲ' ਕਹਾਣੀ ਦਾ ਵਿਅੰਗ ਜ਼ਮੀਨੀ ਯਥਾਰਥ ਨੂੰ ਦਰਸਾਉਂਦਾ ਹੋਇਆ, ਸ਼ਰਧਾ ਤੇ ਉਪਾਸਨਾਮਈ ਅਕੀਦੇ ਦਾ ਪਥ ਪ੍ਰਦਰਸ਼ਕ ਬਣਦਾ ਹੈ। 'ਨਵਾਂ ਸਾਲ' ਕਹਾਣੀ ਵਿਚਲਾ ਬਿੰਦੂ ਫਿਊਡਲ ਅਤੇ ਅਪਰ ਮਿਡਲ ਕਲਾਸ ਦੀ ਦਾਦੇ ਮੰਗਾਉਣੀ ਅਤੇ ਬੇਲੋੜੀ ਆਦਤ ਉਤੋਂ ਪਰਦਾ ਉਠਾਉਂਦਾ ਹੈ।

ਅਮਰੀਕ ਸਿੰਘ ਹੋਰਾਂ ਦੀ ਇੱਕ ਮਿੰਨੀ ਕਹਾਣੀ 'ਚਮਚੇ' ਇਸ ਪੁਸਤਕ ਵਿੱਚ ਦਰਜ਼ ਹੈ। ਇਹ ਕਹਾਣੀ ਮਨੁੱਖੀ ਮਾਨਸਿਕਤਾ ਦੇ ਆਧੁਨਿਕ-ਬੱਧ ਨੂੰ ਸੋਹਣੇ ਜਿਹੇ ਢੰਗ ਨਾਲ ਬੇਹੱਦ ਹੀ ਸੰਖੇਪ ਦ੍ਰਿਸ਼ ਦੁਆਰਾ ਦਰਸਾਉਂਦੀ ਹੈ। ਇਸ ਦਾ ਅਰਥ ਇਹ ਬਣਦਾ ਹੈ ਕਿ ਅਮਰੀਕ ਸਿੰਘ ਤਲਵੰਡੀ ਹੋਰਾਂ ਕੋਲ਼ ਇੱਕ ਸਫ਼ਲ ਮਿੰਨੀ ਕਹਾਣੀਕਾਰ ਬਣਨ ਦਾ ਭਾਵਬੋਧ ਹੈ। ਉਹ ਆਪਣੀ ਇਸ ਸੰਭਾਵਨਾ ਨੂੰ ਫਲੀਭੂਤ ਕਰਨ ਵਿੱਚ ਸਫ਼ਲ ਹੋਵੇ, ਮੇਰੀ ਇਹ ਪ੍ਰਬਲ ਇੱਛਾ ਹੈ।

- ***ਓਮ ਪ੍ਰਕਾਸ਼ ਗਾਸੋ***
ਬਰਨਾਲਾ-148101
ਫੋਨ : 01679-234350



# ਕਿਹੜੀ ਰਚਨਾ ਕਿੱਥੇ?

ਮੌਕਾ ਪ੍ਰਸਤ / 9
ਖੜਪੰਚ / 10
ਚਮਚੇ / 11
ਤਬਦੀਲੀ / 12
ਨਤੀਜਾ / 13
ਪਛਤਾਵਾ / 14
ਸਿਆਣਾ ਪਾਗਲ /15
ਪੰਗਾ / 16
ਪਾਪੀ / 17
ਬਦਲੀ ਸੋਚ / 18
ਵਰਦੀ / 19
ਲਾਹਣਤ / 20
ਗੇਟ / 21
ਸ਼ਹੀਦਾਂ ਦਾ ਪਹਿਰਾ/ 22
ਮਹਿਬੂਬ ਨੇਤਾ / 23
ਲੱਚਰ ਗੀਤ / 24
ਸੁੱਚੀ ਕਿਰਤ / 25
ਕੋਝੀ ਹਰਕਤ / 26
ਸੋਚ / 27
ਤਰਕਸ਼ੀਲ / 28
ਨਵਾਂ ਸਾਲ / 29
ਅਹਿਸਾਸ / 30
ਅਨੋਖੀ ਸਜ਼ਾ / 31
ਤਾੜੀਆਂ / 32
ਸਮਾਜ ਸੇਵੀ / 33
ਪਾਸ / 34
ਖ਼ਬਰ / 35
ਲੁਟੇਰੇ / 36
ਛੁੱਟੀ / 37
ਸੈਂਸਰ ਬੋਰਡ / 38
ਆਤਮ ਹੱਤਿਆ / 39
ਸਿੱਖਿਆ / 40
ਸਨਮਾਨ / 41
ਫ਼ਰਕ / 42
ਮਾਂ / 43
ਅਫ਼ਸੋਸ / 44
ਸ਼ਰੀਕ / 45
ਦਾਨੀ / 47
ਘਟੀਆ ਆਦਮੀ/ 48
ਲੜੀਆਂ / 49
ਸੇਵਾ / 50
ਸੱਚ / 52
ਸਾਹਿਤਕ ਸਮਾਗਮ/53
ਇੱਜ਼ਤ / 54
ਭਵਿੱਖਬਾਣੀ / 56
ਸੇਵਾਮੁਕਤ ਥਾਣੇਦਾਰ/57
ਸ਼ਾਇਰ / 58
ਬੇਸ਼ਰਮ / 59
ਚੌਂਕੀ / 60
ਕੈਨੇਡੀਅਨ / 62
ਸੁਆਰਥੀ / 64
ਫਰਲੋ / 65
ਪੈਸੇ ਦਾ ਪੀਰ / 66
ਅਖਬਾਰੀ ਲੀਡਰ / 67
ਮਾਂ ਦਾ ਮੁੱਲ / 69
ਪਾਠਕ / 70
ਯੂ. ਐਨ. ਓ. / 71
ਖਰੀਆਂ ਖਰੀਆਂ / 72
ਗੀਤ / 73
ਕਵੀ ਅਲੋਪ / 74
ਵੱਡਾ ਕੀਤਾ / 75
ਫੋਕੀ ਸ਼ੋਹਰਤ / 76
ਕਾਲ਼ਾ ਪੇਂਟਰ / 77
ਬੋਰਡ / 79
ਦੁੱਖ-ਖ਼ਬਰੀ / 81
ਅਪਮਾਨ / 83
ਪੋਤਰਾ / 84
ਅਕਲ / 85
ਦੀਵਾ ਗੁੱਲ / 87
ਢਲ਼ਦਾ ਸੂਰਜ / 89
ਗਿੱਦੜ ਭਬਕੀ / 97
ਚਿੱਟੀ ਚੁੰਨੀ / 93
ਚੋਣ ਜਲਸਾ / 94
ਵੋਟ ਚਰਚਾ / 95
ਲੀਡਰ / 97
ਅਸ਼ੀਰਵਾਦ / 98
ਮੋਬਾਈਲ ਫ਼ੂਨ / 99
ਵੰਡ / 100
ਸ਼ਰਧਾ / 101
ਸਦਾ ਨਾ ਬਾਗੀਂ ਬੁਲਬੁਲ ਬੋਲੇ / 102

# ਮੌਕਾ ਪ੍ਰਸਤ

ਪਿੰਡ ਫਕੀਰ ਦੀ ਸਮਾਧ ਤੇ ਲੱਗੇ ਮੇਲੇ ਵਿੱਚ ਵਜ਼ੀਰ ਸਾਹਿਬ ਆਪਣੇ ਭਾਸ਼ਨ ਰਾਹੀਂ ਦੱਸ ਰਹੇ ਸਨ ਕਿ, "ਇਸ ਜਗ੍ਹਾ ਵਿੱਚ ਕਿੰਨੀ ਸ਼ਕਤੀ ਹੈ। ਫਕੀਰ ਬੜੇ ਪੁੱਜੇ ਹੋਏ ਸਨ। ਤੁਹਾਡੀ ਸੱਚੇ ਦਿਲੋਂ ਸੁੱਖੀ ਹਰ ਸੁੱਖ ਏਥੇ ਪੂਰੀ ਹੋ ਸਕਦੀ ਹੈ। ਗੱਲ ਪੂਰਨ ਸ਼ਰਧਾ ਦੀ ਹੈ।" ਉਸੇ ਦਿਨ ਬਾਅਦ ਦੁਪਹਿਰ ਵਜ਼ੀਰ ਸਾਹਿਬ ਤਰਕਸ਼ੀਲਾਂ ਦੇ ਮੇਲੇ ਵਿੱਚ ਪ੍ਰਧਾਨਗੀ ਭਾਸ਼ਨ ਵਿੱਚ ਦੱਸ ਰਹੇ ਸਨ ਕਿ, "ਇਕੀਵੀਂ ਸਦੀ ਵਿੱਚ ਦਾਖ਼ਲ ਹੋਣ ਜਾ ਰਹੇ ਹਾਂ। ਵਿਗਿਆਨ ਦਾ ਯੁੱਗ ਹੈ। ਵਿਗਿਅਨਕ ਸੋਚ ਬਣਾਓ ਤਾਂ ਕਿ ਆਪਾਂ ਤੇਜ਼ ਮੁਕਾਬਲੇ ਦੇ ਯੁੱਗ ਵਿੱਚ ਬਾਕੀ ਦੇਸ਼ਾਂ ਨਾਲ਼ ਮੁਕਾਬਲਾ ਕਰ ਸਕੀਏ। ਕੋਈ ਗ਼ੈਬੀ ਸ਼ਕਤੀ ਨਹੀਂ ਹੈ। ਟੂਣੇ ਟਾਮਣ ਧਾਗੇ ਤਬੀਤਾਂ ਵਿੱਚ ਵੀ ਕੋਈ ਕਰਾਮਾਤ ਨਹੀਂ। ਇਹ ਸਭ ਵਹਿਮ ਭਰਮ ਸ਼ੈਤਾਨ ਲੋਕਾਂ ਦੇ ਸ਼ੈਤਾਨ ਦਿਮਾਗ ਦੀ ਕਾਢ ਹਨ। ਆਓ ਅੱਜ ਤੋਂ ਪ੍ਰਣ ਕਰੀਏ ਕਿ ਮੜ੍ਹੀਆਂ ਮਸਾਣਾਂ ਨੂੰ ਮੱਥੇ ਨਹੀਂ ਟੇਕਾਂਗੇ। ਵਹਿਮਾਂ-ਭਰਮਾਂ ਤੋਂ ਮੁਕਤ ਸਮਾਜ ਦੀ ਸਿਰਜਣਾ ਕਰਾਂਗੇ।"

*(ਅਜੀਤ ਅਖ਼ਬਾਰ : 30-10-99)*



# ਖੜਪੰਚ

"ਔਹ ਸਹੁਰਿਓ+ ਤੁਹਾਨੂੰ ਹੋ ਕੀ ਗਿਆ? ਕਿਉਂ ਲੜੀ ਜਾਨੇ ਹੋ? ਜੇ ਕੋਈ ਗੱਲ ਹੈ ਤਾਂ ਬਹਿਕੇ ਨਜਿੱਠ ਲਈਦੀ ਹੈ। ਜੀਤਿਆ ਤੂੰ ਵੱਡਾ ਭਰਾ ਏਂ ਵੱਡੇ ਭਰਾ ਭਰਜਾਈ ਮਾਂ-ਬਾਪ ਦੀ ਮੌਤ ਤੋਂ ਬਾਅਦ ਮਾਂ-ਬਾਪ ਦਾ ਰੋਲ ਅਦਾ ਕਰਦੇ ਹਨ। ਤੂੰ ਜਿਵੇਂ ਇਹ ਛੋਟੇ ਭਰਾ ਕਹਿੰਦੇ ਨੇ ਕਰਲੈ। ਇਹਨਾਂ ਦੀ ਤਸੱਲੀ ਕਰਵਾਦੇ, ਭਾਵੇਂ ਤੈਨੂੰ ਵੰਡ ਵੰਡਾਈ ਵਿੱਚ ਭੋਰਾ ਘਾਟਾ ਝੱਲਣਾ ਪੈ ਜਾਵੇ।" ਮੱਲੋ ਮੱਲੀ ਦੇ ਬਣੇ ਖੜਪੰਚ ਮੀਤੇ ਦੀਆਂ ਗੱਲਾਂ ਸੁਣਕੇ ਜੀਤੇ ਤੋਂ ਰਿਹਾ ਨਾ ਗਿਆ ਕਹਿੰਦਾ, "ਵੱਡਿਆਂ ਖੜਪੰਚਾਂ ਪਹਿਲੀ ਗੱਲ ਇਹ ਦੱਸ ਤੈਨੂੰ ਸੱਦਿਆ ਕਿਸਨੇ ਹੈ? ਦੂਜਾ ਤੂੰ ਇਹ ਦੱਸ ਆਪਦੇ ਛੋਟੇ ਭੈਣ ਭਰਾਵਾਂ ਦਾ ਹਿੱਸਾ ਉਹਨਾਂ ਦੀ ਚੰਗੀ ਤਰ੍ਹਾਂ ਤਸੱਲੀ ਕਰਵਾਉਣ ਵਾਸਤੇ ਨੱਪਿਆ ਹੈ। ਤੂੰ ਆਪਦਿਆਂ ਦੇ ਘਰ ਉਜਾੜ ਕੇ ਹੁਣ ਸਾਡੇ ਆ ਗਿਆ ਏਂ। ਓਏ ਛੱਜ ਤਾਂ ਬੋਲੇ ਛਾਨਣੀ ਵੀ ਬੋਲੇ।" ਖੜਪੰਚ ਨੂੰ ਗਰਕਣ ਲਈ ਧਰਤੀ ਨੇ ਵੇਹਲ ਨਾ ਦਿੱਤਾ। ਭੱਜਣ ਲਈ ਖੁੱਲ੍ਹੇ ਦਰਵਾਜ਼ੇ ਵੀ ਬੰਦ ਦਿਸਣ ਲੱਗੇ।

*(ਅਜੀਤ ਅਖ਼ਬਾਰ : 9-10-99)*

## ਚਮਚੇ

ਸਕੂਲ ਦੇ ਅੰਦਰ ਵੋਟਾਂ ਦੀ ਗਿਣਤੀ ਹੋ ਰਹੀ ਸੀ। ਬਾਹਰ ਗਰਾਊਂਡ ਵਿੱਚ ਸਾਰਾ ਪਿੰਡ ਬਣਨ ਵਾਲ਼ੇ ਸਰਪੰਚ ਦੇ ਨਤੀਜੇ ਦੀ ਉਡੀਕ ਕਰ ਰਿਹਾ ਸੀ। ਸ਼ਾਮ 7 ਵਜੇ ਪ੍ਰਜ਼ਾਇੰਡਗ ਅਫਸਰ ਨੇ ਨਤੀਜਾ ਬੋਲ ਦਿੱਤਾ ਤਾਂ ਸਾਰਾ ਪਿੰਡ ਨਵੇਂ ਬਣੇ ਸਰਪੰਚ ਦੇ ਗਲ਼ ਵਿੱਚ ਹਾਰ ਪਾਕੇ ਨੱਚਦਾ ਟੱਪਦਾ ਭੰਗੜੇ ਪਾਉਂਦਾ ਪਿੰਡ ਵਿੱਚ ਜਾ ਵੜਿਆ ਸੀ। ਪਿੱਛੇ ਰਹਿ ਗਈ ਸੀ ਪੋਲਿੰਗ ਪਾਰਟੀ ਤੇ ਹਾਰਿਆ ਪੁਰਾਣਾ ਸਰਪੰਚ। ਹਾਰਿਆ ਸਰਪੰਚ ਪੋਲਿੰਗ ਪਾਰਟੀ ਨੂੰ ਦੁਪਹਿਰ ਵੇਲੇ ਖੁਆਈ ਦੁਪਹਿਰ ਦੀ ਰੋਟੀ ਦੇ ਭਾਂਡੇ ਪੂਰੇ ਕਰ ਰਿਹਾ ਸੀ ਤਾਂ ਪੋਲਿੰਗ ਪਾਰਟੀ ਦੇ ਇੱਕ ਮੈਂਬਰ ਨੇ ਪੁੱਛਿਆ, "ਸਰਪੰਚ ਸਾਹਿਬ ਕੀ ਭਾਲ਼ ਰਹੇ ਹੋ? ਤਾਂ ਸਰਪੰਚ ਨੇ ਆਖਿਆ, "ਦੋ ਚਮਚੇ ਘੱਟ ਗਏ ਹਨ।" ਪੋਲਿੰਗ ਪਾਰਟੀ ਦੇ ਮੈਂਬਰ ਨੇ ਮਜ਼ਾਕ ਨਾਲ ਆਖਿਆ, "ਸਰਪੰਚ ਸਾਹਿਬ ਤੁਸੀਂ ਦੋ ਚਮਚਿਆਂ ਦੀ ਗੱਲ ਕਰ ਰਹੇ ਹੋ। ਤੁਹਾਨੂੰ ਤਾਂ ਹੁਣ ਇੱਕ ਚਮਚਾ ਵੀ ਨਹੀਂ ਲੱਭਣਾ ਕਿਉਂ ਕਿ ਚਮਚੇ ਹਮੇਸ਼ਾ ਚੜ੍ਹਦੇ ਸੂਰਜ ਨੂੰ ਸਲਾਮ ਕਰਿਆ ਕਰਦੇ ਹਨ।"

*(ਅੰਗ ਸੰਗ : 1-9-2003)*

(ਉਪਰੋਕਤ ਕਹਾਣੀ ਲੇਖਕ ਮੰਚ ਅੰਮ੍ਰਿਤਸਰ ਵੱਲੋਂ ਸਾਲ 2001 ਵਿੱਚ ਕਰਵਾਏ ਗਏ ਮਿੰਨੀ ਕਹਾਣੀ ਮੁਕਾਬਲੇ ਵਿੱਚ ਦੂਸਰੇ ਸਥਾਨ 'ਤੇ ਰਹੀ।)



## ਤਬਦੀਲੀ

ਸ਼ਹਿਰ ਦੇ ਅਮੀਰ ਸੇਠ ਤੇ ਸੇਠਾਣੀ ਸਵੇਰੇ ਸੈਰ ਨੂੰ ਨਿਕਲੇ। ਤੁਰੇ ਜਾਂਦਿਆਂ ਕਿਸੇ ਗੱਲੋਂ ਤਕਰਾਰ ਹੋ ਗਿਆ। ਇਕ ਦੂਜੇ ਨੂੰ ਮੰਦਾ ਚੰਗਾ ਬੋਲਣ ਉਪਰੰਤ ਸੇਠਾਣੀ ਗੁੱਸੇ ਨਾਲ ਸੜਕ ਦੇ ਖੱਬੇ ਪਾਸੇ ਦੀ ਬਜਾਏ ਸੱਜੇ ਪਾਸੇ ਤੁਰੀ ਜਾ ਰਹੀ ਸੀ। ਇਹਨੇ ਚਿਰ ਨੂੰ ਇਕ ਭਈਆ ਰਿਕਸ਼ੇ ਉੱਤੇ ਤਿੰਨ ਸਵਾਰੀਆਂ ਬੈਠਾਈ ਜਾਂਦਾ ਕੋਲੋਂ ਦੀ ਉੱਚੀ ਗੁਣ ਗੁਣਾਉਂਦਾ ਲੰਘਿਆ। "ਜ਼ਿੰਦਗੀ ਇੱਕ ਸਫ਼ਰ ਹੈ ਸੁਹਾਨਾ, ਜਹਾਂ ਕੱਲ ਕਿਆ ਹੋ ਕਿਸਨੇ ਜਾਨਾ" ਇਹ ਬੋਲ ਸੁਣਕੇ ਸੇਠਾਣੀ ਅਤੇ ਸੇਠ ਮੁਸਕਾਏ ਅਤੇ ਅਗਲੇ ਪਲ ਹੀ ਸੇਠਾਣੀ ਸੇਠ ਨਾਲ ਖੱਬੇ ਪਾਸੇ ਹੱਥ ਵਿੱਚ ਹੱਥ ਪਾਈ ਜਾ ਰਹੀ ਸੀ।

*(ਅਜੀਤ ਅਖ਼ਬਾਰ : 27-2-2000)*

# ਨਤੀਜਾ

"ਪਿਆਰੇ ਬੱਚਿਓ! ਤੁਹਾਨੂੰ ਇਹ ਸੁਣਕੇ ਬੜੀ ਖੁਸ਼ੀ ਹੋਵੇਗੀ ਕਿ ਆਪਣੇ ਸਕੂਲ ਦੀ ਦਸਵੀਂ ਜਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ ਹੈ। ਜਿਸਦਾ ਸੇਹਰਾ ਤੁਹਾਨੂੰ ਅਤੇ ਤੁਹਾਡੇ ਮਿਹਨਤੀ ਸਟਾਫ਼ ਨੂੰ ਜਾਂਦਾ ਹੈ।" ਹੈਡਮਾਸਟਰ ਸਾਹਿਬ ਹਾਲੀਂ ਬੋਲ ਹੀ ਰਹੇ ਸਨ ਤਾਂ ਗਿਆਨੀ ਮਾਸਟਰ ਪਵਿੱਤਰ ਸਿੰਘ ਤੋਂ ਰਿਹਾ ਨਾ ਗਿਆ ਉਸਨੇ ਬੜੇ ਜ਼ੋਰ ਅਤੇ ਜੋਸ਼ ਨਾਲ ਨਾਅਰਾ ਮਾਰਿਆ, "ਹੈਡਮਾਸਟਰ ਹਰਨਾਮ ਸਿੰਘ ਜੀ ਸਾਰੇ ਬੱਚਿਆਂ ਨੇ ਬੜੇ ਜੋਸ਼ ਨਾਲ ਕਿਹਾ, "ਜ਼ਿੰਦਾਬਾਦ-ਜ਼ਿੰਦਾਬਾਦ" ਇਸ ਤਰ੍ਹਾਂ ਗਿਆਨੀ ਮਾਸਟਰ ਨੇ ਦੋ ਤਿੰਨ ਨਾਅਰੇ ਲਗਵਾਏ। ਏਨੇ ਨੂੰ ਦਸਵੀਂ ਜਮਾਤ ਦੇ ਇੱਕ ਸ਼ਰਾਰਤੀ ਮੁੰਡੇ ਬਿੱਟੂ ਨੇ ਬੜੇ ਜ਼ੋਰ ਦੀ ਅਵਾਜ਼ ਨਾਲ ਨਾਅਰਾ ਮਾਰਿਆ, "ਪੀ. ਟੀ. ਮਾਸਟਰ ਨਿਰਭੈ ਸਿੰਘ" ਤਾਂ ਸਾਰੇ ਬੱਚਿਆਂ ਨੇ ਪਹਿਲਾਂ ਨਾਲੋਂ ਵੀ ਵੱਧ ਜੋਸ਼ ਨਾਲ "ਜ਼ਿੰਦਾਬਾਦ-ਜ਼ਿੰਦਾਬਾਦ ਆਖਿਆ।" ਹੈਡਮਾਸਟਰ ਸਾਹਿਬ ਖਫ਼ਾਂ ਹੋ ਕੇ ਬੋਲੇ, "ਇਹ ਕੀ ਬਦਤਮੀਜ਼ੀ ਹੈ, ਬਿੱਟੂ ਖੜ੍ਹਾ ਹੋਵੇ। ਕਿਸੇ ਹਿਸਾਬ ਮਾਸਟਰ ਜਾਂ ਅੰਗਰੇਜ਼ੀ ਵਾਲ਼ੇ ਦਾ ਨਾਂ ਲੈਂਦਾ ਤਾਂ ਮੰਨ ਲੈਂਦੇ ਪੀ. ਟੀ. ਮਾਸਟਰ ਨੇ ਕਿਹੜੀ ਮਿਹਨਤ ਕਰਵਾਈ ਹੈ?" ਬਿੱਟੂ ਬੋਲਿਆ, "ਸਰ ਸਭ ਤੋਂ ਵੱਧ ਪਰਚੀਆਂ ਸਾਨੂੰ ਪੀ. ਟੀ. ਸਰ ਨੇ ਹੀ ਪਹੁੰਚਾਈਆਂ ਸਨ।"

*(ਅਜੀਤ ਅਖ਼ਬਾਰ : 19-3-2000)*



# ਪਛਤਾਵਾ

"ਕਿਉਂ ਭਾਜੀ! ਰਾਤੀਂ ਤਰਕਸ਼ੀਲਾਂ ਦਾ ਮੇਲਾ ਕਿਹੋ ਜਿਹਾ ਲੱਗਿਆ?" ਜੀਤੇ ਨੇ ਆਪਣੇ ਦੋਸਤ ਮੀਤੇ ਨੂੰ ਪੁੱਛਿਆ, "ਮੀਤੇ ਨੇ ਲੰਬਾ ਹਉਕਾ ਲੈਕੇ ਆਖਿਆ ਮੇਲਾ ਤਾਂ ਬਹੁਤ ਵਧੀਆ ਸੀ ਤਰਕਸ਼ੀਲਾਂ ਨੇ ਕਰ ਕਮਾਲ ਦਿੱਤੀ ਦਿਮਾਗ ਤੋਂ ਵਹਿਮਾਂ-ਭਰਮਾਂ ਦੇ ਸਾਰੇ ਪਰਦੇ ਲਾਹ ਦਿੱਤੇ। ਨਾਟਕ ਵੀ ਵਧੀਆ ਸਨ। ਉਹਨਾਂ ਦੇ ਪ੍ਰਧਾਨ ਮੇਘ ਰਾਜ ਮਿੱਤਰ ਦੇ ਭਾਸ਼ਨ ਨੇ ਵੀ ਦੁਨੀਆਂ ਕੀਲ ਕੇ ਬੈਠਾਅ ਦਿੱਤੀ ਸੀ, ਪਰ! ਪਰ ਕੀ?" ਜੀਤੇ ਨੇ ਕਾਹਲ਼ੀ ਨਾਲ ਪਰ ਦਾ ਮਤਲਬ ਪੁੱਛਿਆ, ਮੀਤੇ ਨੇ ਫਿਰ ਹਉਕਾ ਲੈਂਦੇ ਹੋਏ ਆਖਿਆ ਕਿ, "ਕਾਸ਼ ਇਹੀ ਮੇਲਾ ਕਿਤੇ ਪਹਿਲਾਂ ਵੇਖਿਆ ਹੁੰਦਾ।" "ਫਿਰ ਕੀ ਹੋਣਾ ਸੀ?" ਜੀਤੇ ਨੇ ਫਿਰ ਉਤਸੁਕਤਾ ਨਾਲ ਪੁੱਛਿਆ।" ਅੱਜ ਤੋਂ ਕੁਝ ਸਮਾਂ ਪਹਿਲਾਂ ਇਕ ਸਿਆਣੇ ਨੇ ਮੇਰੇ ਵਿਹੜੇ ਵਿੱਚੋਂ ਕੁਝ ਚੀਜ਼ਾਂ ਕੱਢੀਆਂ ਤੇ ਕਹਿੰਦਾ ਛਿਪਦੇ ਪਾਸੇ ਘਰ ਹੈ ਜਿਸਨੇ ਤੇਰੇ ਉਪਰ ਟੂਣਾ ਕੀਤਾ ਹੋਇਆ ਹੈ। ਤੇਰਾ ਘਰ ਉਜੜ ਜਾਵੇਗਾ ਜੇ ਤੂੰ ਕੋਈ ਉਪਾਅ ਨਾ ਕੀਤਾ। ਛਿਪਦੇ ਪਾਸੇ ਮੇਰੇ ਭਰਾ ਦਾ ਘਰ ਸੀ ਮੈਂ ਉਸ ਨਾਲ ਵੈਰ ਵਿੱਢ ਲਿਆ ਉਸਨੇ ਵਥੇਰੀਆਂ ਸਫ਼ਾਈਆਂ ਪੇਸ਼ ਕੀਤੀਆਂ, ਸਹੁੰਆਂ ਤੱਕ ਖਾਧੀਆਂ ਪਰ ਮੈਂ ਇਕ ਨਾ ਮੰਨੀ।" "ਫਿਰ ਕੀ ਹੋਇਆ?" ਜੀਤੇ ਨੇ ਪਹਿਲਾਂ ਨਾਲੋਂ ਵੀ ਵੱਧ ਹੈਰਾਨੀ ਅਤੇ ਉਤਸੁਕਤਾ ਨਾਲ ਪੁੱਛਿਆ, "ਬਸ ਹੋਣਾ ਕੀ ਸੀ। ਮੈਨੂੰ ਕੁਝ ਨਹੀਂ ਹੋਇਆ ਪਰ ਮੈਂ ਆਪਣੇ ਭਰਾ ਦਾ ਘਰ ਆਪਣੇ ਹੱਥੀਂ ਉਜਾੜ ਲਿਆ।"

*(ਅਜੀਤ ਅਖ਼ਬਾਰ : 22-10-2000)*

# ਸਿਆਣਾ ਪਾਗਲ

ਸੰਤਾਂ ਦੇ ਸੇਵਕ ਅਤੇ ਪ੍ਰਬੰਧਕ ਇਕ ਆਦਮੀ ਨੂੰ ਪਾਗਲ ਕਹਿਕੇ ਕੁਟਦੇ ਮਾਰਦੇ ਘੜੀ ਸੀ ਜਾ ਰਹੇ ਸਨ। ਅਚਾਨਕ ਉਧਰੋਂ ਸਕੂਲ ਦੇ ਅਧਿਆਪਕ ਗਿਆਨੀ ਗੁਰਦਿੱਤ ਸਿੰਘ ਜੀ ਆ ਗਏ। ਉਹਨਾਂ ਨੇ ਉਸ ਆਦਮੀ ਨੂੰ ਉਹਨਾਂ ਕੋਲੋਂ ਛੁਡਾਕੇ ਕੁੱਟਣ ਦਾ ਕਾਰਨ ਪੁੱਛਿਆ ਉਹਨਾਂ ਨੇ ਦੱਸਿਆ ਕਿ, "ਇਹ ਪਾਗਲ ਹੈ। ਸੰਤਾਂ ਦੇ ਦੀਵਾਨ ਵਿੱਚ ਖਲੜ ਪਾ ਰਿਹਾ ਸੀ" ਪਿੰਡ ਦੇ ਅਮੀਰ ਆਦਮੀ ਖੁਸ਼ਵੰਤ ਸਿੰਘ ਨੂੰ ਚੰਗੀ ਸੇਵਾ ਕਰਨ ਕਰਕੇ ਸਿਰੋਪਾ ਭੇਟ ਕੀਤਾ ਗਿਆ ਸੀ। ਇਹ ਪਾਗਲ ਦੀਵਾਨ ਵਿੱਚ ਖੜ੍ਹਕੇ ਉੱਚੀ-ਉੱਚੀ ਬੋਲਣ ਲੱਗ ਪਿਆ ਕਿ ਮਲਕ ਭਾਗੋ ਨੂੰ ਸਨਮਾਨਿਤ ਨਹੀਂ ਹੋਣ ਦੇਣਾ। ਮਲਕ ਭਾਗੋ ਮੁਰਦਾਬਾਦ ਲਾਲੋ ਜ਼ਿੰਦਾਬਾਦ ਦੇ ਨਾਅਰੇ ਲਾਉਣ ਲੱਗ ਪਿਆ ਅਤੇ ਆਖ ਰਿਹਾ ਸੀ ਮੇਰੇ ਨਾਨਕ ਨੇ ਮਲਕ ਭਾਗੋ ਨੂੰ ਫਿਟਕਾਰਿਆ ਸੀ। ਕਿਉਂਕਿ ਉਹ ਪਾਪਾਂ ਦੀ ਕਮਾਈ ਕਰ ਰਿਹਾ ਸੀ, ਲਾਲੋ ਨੂੰ ਸਤਿਕਾਰਿਆ ਸੀ ਕਿਉਂਕਿ ਉਹ ਦਸਾਂ ਨਹੁੰਆਂ ਦੀ ਕਿਰਤ ਕਰਦਾ ਸੀ ਇਸ ਕਰਕੇ ਇਸਨੂੰ ਸੋਧਾ ਲਾ ਰਹੇ ਹਾਂ। ਠਹਿਰੋ! ਗਿਆਨੀ ਗੁਰਦਿੱਤ ਸਿੰਘ ਕਹਿੰਦਾ, "ਇਹ ਪਾਗਲ ਨਹੀਂ ਪਾਗਲ ਤਾਂ ਤੁਸੀਂ ਹੋ ਜੋ ਇੱਕ ਪਾਪੀ ਨੂੰ ਸਤਿਕਾਰ ਦੇ ਰਹੇ ਹੋ। ਇਹ ਸੱਚ ਕਹਿੰਦਾ ਹੈ ਜੇ ਤੁਸੀਂ ਸੱਚ ਬੋਲ ਨਹੀਂ ਸਕਦੇ ਤਾਂ ਇਸਨੂੰ ਬੋਲਣ ਦਿਉ ਮੈਨੂੰ ਪਤਾ ਸੱਚ ਬੋਲਣਾ ਬਹੁਤ ਔਖਾ ਹੈ ਪਰ ਸੁਣਨਾ ਹੋਰ ਵੀ ਔਖਾ ਹੈ। ਖੁਸ਼ਵੰਤ ਸਿੰਘ ਸੱਚਮੁੱਚ ਪਾਪੀ ਹੈ, ਐਨੀ ਮਾਇਆ ਪਾਪਾਂ ਬਿਨਾਂ ਇਕੱਠੀ ਨਹੀਂ ਹੁੰਦੀ ਸੇਵਾਦਾਰਾਂ ਤੇ ਪ੍ਰਬੰਧਕਾਂ ਨੂੰ ਗਰਕਣ ਲਈ ਧਰਤੀ ਵੇਹਲ ਨਹੀਂ ਸੀ ਦੇ ਰਹੀ।

*(ਅਜੀਤ ਅਖ਼ਬਾਰ : 24-9-2000)*



# ਪੰਗਾ

ਨੌਜਵਾਨ ਦੇ ਲੜਕੀ ਨੇ ਜ਼ੋਰ ਦੀ ਥੱਪੜ ਮਾਰਿਆ ਅਤੇ ਬੋਲੀ ਕਿ "ਤੈਨੂੰ ਸ਼ਰਮ ਨਹੀਂ ਆਉਂਦੀ ਕਦੋਂ ਦਾ ਮੇਰੇ ਉੱਪਰ ਡਿੱਗੀ ਜਾਨਾਂ ਸਿੱਧਾ ਹੋ ਕੇ ਨਹੀਂ ਬੈਠ ਸਕਦਾ।" ਏਨੇ ਨੂੰ ਬੱਸ ਵਿੱਚੋਂ ਹੋਰ ਵੀ ਸਵਾਰੀਆਂ ਬੋਲਣ ਲੱਗ ਪਈਆਂ ਕਿ, "ਤੇਰੇ ਘਰ ਮਾਂ ਨਹੀਂ, ਭੈਣ ਨਹੀਂ, ਧੀ ਨਹੀਂ। ਤੈਨੂੰ ਕੋਈ ਸ਼ਰਮ ਆਉਣੀ ਚਾਹੀਦੀ ਹੈ।" ਬੱਸ ਵਿੱਚ ਰੌਲ਼ਾ ਸੁਣਕੇ ਡਰਾਈਵਰ ਨੇ ਬੱਸ ਰੋਕ ਲਈ ਅਤੇ ਕੰਡਕਟਰ ਨੂੰ ਕਹਿੰਦਾ, "ਇਸ ਰਾਂਝੇ ਨੂੰ ਬਾਹੋਂ ਫੜ੍ਹਕੇ ਥੱਲੇ ਉਤਾਰ ਦੇ।" ਕੰਡਕਟਰ ਨੇ ਬਾਂਹੋ ਫੜਕੇ ਖਿੱਚਕੇ ਮੂਹਰਲੀ ਤਾਕੀ ਕੋਲ਼ ਲੈ ਆਂਦਾ ਤਾਂ ਡਰਾਈਵਰ ਕਹਿੰਦਾ, "ਕੋਈ ਸ਼ਰਮ ਆਉਂਦੀ ਹੈ, ਚੱਲ ਥੱਲੇ।" ਉਤਰਨ ਵੇਲੇ ਨੌਜਵਾਨ ਕਹਿੰਦਾ, "ਸਾਲ਼ਿਆ ਪੰਗਾ ਤੇਰਾ ਹੀ ਪਾਇਆ ਹੋਇਆ ਹੈ, ਕਦੋਂ ਦਾ ਟੇਪ ਉਪਰ ਅਸ਼ਲੀਲ ਗੀਤ ਸੁਣਾਈ ਜਾਨਾਂ ਏ। ਸ਼ਰਮ ਤੈਨੂੰ ਆਉਣੀ ਚਾਹੀਦੀ ਏ।" ਇਹ ਕਹਿਕੇ ਨੌਜਵਾਨ ਬੱਸ ਵਿੱਚੋਂ ਛਾਲ਼ ਮਾਰਕੇ ਉੱਤਰ ਗਿਆ। ਸਾਰੀਆਂ ਸਵਾਰੀਆਂ ਹੱਕੀਆਂ ਬੱਕੀਆਂ ਰਹਿ ਗਈਆਂ। ਆਪਣੇ ਬੋਲਣ ਤੇ ਪਛਤਾਅ ਰਹੀਆਂ ਸਨ ਅਤੇ ਅੰਦਰੋਂ ਅੰਦਰੀ ਡਰਾਈਵਰ ਅਤੇ ਕੰਡਕਟਰ ਨੂੰ ਫਿੱਟ ਲਾਹਣਤਾਂ ਪਾ ਰਹੀਆਂ ਸਨ।

*(ਅਜੀਤ ਅਖ਼ਬਾਰ, 22.10.2000)*

# ਪਾਪੀ

ਜਦੋਂ ਦਾ ਪਵਿੱਤਰ ਸਿੰਘ ਨੂੰ ਗੁਰਦੁਆਰੇ ਦੇ ਭਾਈ ਜੀ ਨੇ ਸੰਗਰਾਂਦ ਵਾਲੇ ਦਿਨ ਵੱਡਾ ਦਾਨੀ ਕਹਿਕੇ ਸਨਮਾਨਿਤ ਕੀਤਾ ਸੀ। ਉਸ ਦਿਨ ਤੋਂ ਹੀ ਪਿੰਡ ਦੀ ਸੱਥ ਵਿੱਚ ਚਰਚਾ ਛਿੜੀ ਹੋਈ ਸੀ ਕਿ ਪਵਿੱਤਰ ਸਿੰਘ ਪਾਪੀ ਹੈ ਕਿ ਦਾਨੀ ਹੈ। ਅੱਜ ਫਿਰ ਇਸੇ ਮਸਲੇ ਤੇ ਸੱਥ ਵਿੱਚ ਬਹਿਸ ਭਖ਼ ਪਈ ਸੀ ਬਹੁਤੇ ਦਾਨੀ ਕਹਿ ਰਹੇ ਸਨ ਪਰ ਕਾਮਰੇਡ ਸੰਤੋਖ ਸਿੰਘ ਗਿੱਲ ਬੜੇ ਜ਼ੋਰ ਨਾਲ ਦਲੀਲ ਦੇ ਕੇ ਕਹਿ ਰਿਹਾ ਸੀ, "ਪਵਿੱਤਰ ਸਿੰਘ ਰਿਸ਼ਵਤਖੋਰ ਹੈ। ਲੋਕਾਂ ਦੀਆਂ ਜੇਬਾਂ ਕੱਟ ਰਿਹਾ ਹੈ। ਪਿੰਡ ਵਿੱਚ ਲੋਕਾਂ ਦੀਆਂ ਜ਼ਮੀਨਾਂ ਘਰ ਅਤੇ ਪਲਾਟ ਖਰੀਦ ਕੇ ਗਰੀਬ ਬੱਚਿਆਂ ਦੇ ਮੂੰਹ ਵਿੱਚੋਂ ਰੋਟੀ ਅਤੇ ਸਿਰ ਤੋਂ ਛੱਤ ਖੋ ਰਿਹਾ ਹੈ। ਉਹਨਾਂ ਨੂੰ ਪਿੰਡ ਛੱਡਣ ਲਈ ਮਜ਼ਬੂਰ ਕਰ ਰਿਹਾ ਹੈ। ਤੁਸੀਂ ਆਪ ਹੀ ਦੱਸੋ ਇਹ ਦਾਨੀ ਕਿਵੇਂ ਹੋਇਆ ਮੈਂ ਤਾਂ ਇਸਨੂੰ ਪਾਪੀ ਸਮਝਦਾ ਹਾਂ।" ਏਨੇ ਚਿਰ ਨੂੰ ਪਿੰਡ ਦੇ ਵਿਦਵਾਨ ਸ: ਵਿਦਵੰਤ ਸਿੰਘ ਆ ਜਾਂਦੇ ਹਨ। ਅਖੀਰ ਸਾਰੀ ਸੱਥ ਨੇ ਫੈਸਲਾ ਉਹਨਾਂ ਉਪਰ ਸੁੱਟ ਦਿੱਤਾ ਹੈ। ਵਿਦਵੰਤ ਸਿੰਘ ਜੀ ਕਹਿੰਦੇ, "ਭਾਈ ਸਾਹਿਬ ਪਹਿਲਾਂ ਇਹ ਦੱਸੋ ਕਿ ਤੁਸੀਂ ਬਾਣੀ ਵਿੱਚ ਵਿਸ਼ਵਾਸ ਕਰਦੇ ਹੋ। "ਸਾਰੇ ਬੋਲੇ ਹਾਂ ਜੀ" ਕਰਦੇ ਹਾਂ "ਭਾਈ ਸਾਹਿਬ ਇਹ ਮਸਲਾ ਆਪਾਂ ਬਾਣੀ ਉਪਰ ਹੀ ਸੁੱਟ ਦੇਂਦੇ ਹਾਂ ਬਾਣੀ ਤਾਂ ਪਿਆਰਿਓ ਇੰਝ ਕਹਿੰਦੀ ਹੈ"

ਪਾਪਾ ਬਾਝ ਹੋਵੈ ਨਾ ਹੀ
ਮੋਇਆ ਸਾਥਿ ਨ ਜਾਈ
ਭਾਈ ਸਾਹਿਬ ਇਹ ਫੈਸਲਾ ਤੁਸੀਂ ਹੁਣ ਆਪੇ ਕਰਲੋ।



# ਬਦਲੀ ਸੋਚ

ਬਲਦੇਵ ਸਿੰਘ ਨੇ ਆਪਣੇ ਮਿੱਤਰ ਬਲਜੀਤ ਸਿੰਘ ਨੂੰ ਕਿਹਾ, "ਯਾਰ ਮਨਜੀਤ ਸਿੰਘ ਕਿਹੋ ਜਿਹਾ ਬੰਦਾ ਹੈ ਇਹ ਹਰ ਵਕਤ ਸਰਮਾਏਦਾਰਾਂ ਦੇ ਉਲਟ ਬੋਲਦਾ ਰਹਿੰਦਾ ਹੈ। ਮੈਨੂੰ ਤਾਂ ਇਹਦੀ ਸੋਚ ਦੀ ਸਮਝ ਨਹੀਂ ਆਈ ਸਾਰੇ ਸਰਮਾਏਦਾਰ ਕਿਵੇਂ ਮਾੜੇ ਹੋ ਸਕਦੇ ਹਨ", "ਪਹਿਲਾਂ ਪਹਿਲ ਤਾਂ ਤੂੰ ਆਪਣੇ ਮਨਜੀਤ ਸਿੰਘ ਨੂੰ ਵਡਿਆਉਂਦਾ ਨਹੀਂ ਸੀ ਥੱਕਦਾ ਕਹਿੰਦਾ ਹੁੰਦਾ ਸੀ "ਗਰੀਬਾਂ ਦਾ ਮਸੀਹਾ, ਕੰਮਜ਼ੋਰ ਨਾਲ ਖੜ੍ਹਨ ਵਾਲਾ, ਜਾਤਪਾਤ ਵਿੱਚ ਵਿਸ਼ਵਾਸ ਨਾ ਕਰਨ ਵਾਲਾ, ਮਹਿਲ ਮੁਨਾਰਿਆਂ ਦੀ ਥਾਂ ਕੁੱਲੀਆਂ ਨੂੰ ਪਿਆਰ ਕਰਨ ਵਾਲਾ, ਚੋਰਾਂ ਰਿਸ਼ਵਤਖੋਰਾਂ ਨੂੰ ਨਫਰਤ ਕਰਨ ਵਾਲਾ ਅਤੇ ਦਸਾਂ ਨਹੁੰਆਂ ਦੀ ਕਮਾਈ 'ਚ ਵਿਸ਼ਵਾਸ਼ ਕਰਨ ਵਾਲਾ ਹੈ, ਬਲਦੇਵ ਸਿੰਘ ਉਸਦਾ ਸਟੈਂਡ ਅਤੇ ਸੋਚ ਅੱਜ ਵੀ ਓਹੀ ਹੈ ਕੱਲ੍ਹ ਵੀ ਸੀ ਕੱਲ੍ਹ ਵੀ ਰਹੇਗੀ। ਪਰ ਜਦੋਂ ਦਾ ਤੂੰ ਪੈਸੇ ਵਾਲੀ ਕੁਰਸੀ ਤੇ ਬੈਠਕੇ ਮੋਟੀ ਰਿਸ਼ਵਤ ਲੈਣ ਲੱਗ ਪਿਆ ਤੇ ਲੋਕਾਂ ਦਾ ਲਹੂ ਪੀਣਾ ਸ਼ੁਰੂ ਕਰ ਦਿੱਤਾ ਹੈ। ਮੈਨੂੰ ਲੱਗਦਾ ਤੇਰੀ ਆਪਣੀ ਸੋਚ ਬਦਲ ਗਈ ਹੈ।

*(ਅਜੀਤ ਅਖ਼ਬਾਰ : 5-11-2000)*

# ਵਰਦੀ

ਮੁੱਖ ਅਧਿਆਪਕਾ ਨੇ ਪ੍ਰਾਰਥਨਾ ਖ਼ਤਮ ਹੋਣ ਉਪਰੰਤ ਹੁਕਮ ਜਾਰੀ ਕੀਤਾ ਕਿ ਬਿਨਾਂ ਵਰਦੀਆਂ ਤੋਂ ਸਾਰੇ ਬੱਚੇ ਖੜ੍ਹੇ ਹੋ ਜਾਓ। ਕੁਝ ਕੁ ਬੱਚੇ ਡਰਦੇ ਝੱਕਦੇ ਹੌਲ਼ੀ-ਹੌਲ਼ੀ ਖੜ੍ਹੇ ਹੋ ਗਏ। ਮੁੱਖ ਅਧਿਆਪਕਾ ਨੇ ਇੱਕ ਸਿਰੇ ਤੋਂ ਕੁੱਟਣਾ ਸ਼ੁਰੂ ਕਰ ਦਿੱਤਾ। ਸਭ ਬੱਚੇ ਵੱਖੋ-ਵੱਖਰੇ ਬਹਾਨੇ ਲਾ ਰਹੇ ਸਨ। ਏਨੇ ਨੂੰ ਕੌੜੀ ਦੀ ਵਾਰੀ ਆ ਗਈ। ਮੁੱਖ ਅਧਿਆਪਕਾ ਨੇ ਜਦੋਂ ਕੌੜੀ ਨੂੰ ਦੋ ਤਿੰਨ ਡੰਡੇ ਮਾਰਨ ਉਪਰੰਤ ਕਾਰਨ ਪੁੱਛਿਆ, "ਵਰਦੀ ਕਿਉਂ ਨਹੀਂ ਪਾਈ?" ਤਾਂ ਕੌੜੀ ਨੇ ਸਿਸਕੀਆਂ ਭਰਦੀ ਨੇ ਆਖਿਆ ਕਿ "ਰਾਣੀ ਦੀ ਵਰਦੀ ਨਹੀਂ ਸੀਤੀ।" ਮੁੱਖ ਅਧਿਆਪਕਾ ਨੇ ਇੱਕ ਹੋਰ ਡੰਡਾ ਮਾਰਦਿਆਂ, ਪੁੱਛਿਆ ਕਿ "ਮੈਂ ਤੈਨੂੰ ਪੁੱਛਿਆ ਕਿ ਰਾਣੀ ਨੂੰ?" "ਮੈਡਮ ਮੇਰੀ ਮੰਮੀ ਸਰਪੰਚਾਂ ਦੀ ਰਾਣੀ ਕੇ ਘਰ ਗੋਹਾ ਕੂੜਾ ਕਰਦੀ ਹੈ। ਰਾਣੀ ਦੀ ਮੰਮੀ ਮੇਰੀ ਮੰਮੀ ਨੂੰ ਕਹਿੰਦੀ ਸੀ ਜਦੋਂ ਰਾਣੀ ਨੇ ਨਵੀਂ ਵਰਦੀ ਸੁੰਵਾ ਲਈ ਤਾਂ ਪੁਰਾਣੀ ਤੇਰੀ ਕੌੜੀ ਨੂੰ ਦੇ ਦੇਵਾਂਗੀ।" ਮੈਡਮ ਨੂੰ ਆਖਰੀ ਡੰਡੇ ਦਾ ਐਨਾ ਪਛਤਾਵਾ ਸੀ ਕਿ ਉਹ ਬਾਕੀ ਬੱਚਿਆਂ ਨੂੰ ਕੁਝ ਕਹੇ ਬਿਨਾਂ ਕੰਬਦੇ ਹੱਥਾਂ ਅਤੇ ਥਿੜਕਦੇ ਪੈਰਾਂ ਨਾਲ ਕੁਰਸੀ ਉੱਤੇ ਆ ਡਿੱਗੀ ਸੀ।

*(ਜਗ ਬਾਣੀ ਅਖ਼ਬਾਰ : 17-9-2000)*



# ਲਾਹਣਤ

"ਬੜੀ ਖੁਸ਼ੀ ਵਾਲ਼ੀ ਗੱਲ ਹੈ ਕਿ ਤੁਸੀਂ ਦੱਸਿਆ ਹੈ ਕਿ ਮੈਂ ਕੱਚੀ ਕੋਠੜੀ ਅਤੇ ਅਤਿ ਦੀ ਗਰੀਬੀ ਵਿੱਚੋਂ ਉਠਕੇ ਇਸ ਉੱਚੇ ਮੁਕਾਮ ਤੇ ਪਹੁੰਚਿਆ ਹਾਂ।" ਅੱਛਾ "ਤੁਸੀਂ ਇਹ ਦੱਸੋ ਕਿ ਇਸ ਮੁਕਾਮ ਤੇ ਕਿਸ ਤਰ੍ਹਾਂ ਪਹੁੰਚੇ?" ਪੱਤਰਕਾਰਾਂ ਨੇ ਅਗਲਾ ਪ੍ਰਸ਼ਨ ਪੁੱਛਿਆ। "ਜਿੱਥੇ ਮੇਰੀ ਮਿਹਨਤ ਰੰਗ ਲਿਆਈ ਹੈ, ਉੱਥੇ ਜ਼ਿਆਦਾ ਦੇਣ ਮੇਰੇ ਮਾਂ-ਪਿਉ ਅਤੇ ਭੈਣ-ਭਰਾਵਾਂ ਦੀ ਵੀ ਹੈ। ਜਿੰਨ੍ਹਾਂ ਨੇ ਮੈਨੂੰ ਉੱਪਰ ਉੱਠਣ ਲਈ ਹਰ ਤਰ੍ਹਾਂ ਦੀ ਮਦਦ ਕੀਤੀ। ਮੇਰੇ ਲਈ ਦਿਨ ਰਾਤ ਇੱਕ ਕਰ ਦਿੱਤਾ ਅਤੇ ਭੁੱਖੇ ਰਹਿਕੇ ਫਾਕੇ ਕੱਟੇ।" ਆਪਣੇ ਪਰਿਵਾਰ ਬਾਰੇ ਵੀ ਦੱਸੋ?" ਮੇਰੀ ਵੱਡੀ ਲੜਕੀ ਅਮਰੀਕਾ ਵਿੱਚ ਹੈ। ਬੜੀ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੀ ਹੈ। ਉਸ ਤੋਂ ਛੋਟਾ ਲੜਕਾ ਡਾਕਟਰ ਹੈ ਅਤੇ ਸਭ ਤੋਂ ਛੋਟਾ ਇੰਜਨੀਅਰ ਬਣ ਰਿਹਾ ਹੈ।" "ਆਪਣੇ ਮਾਂ-ਪਿਉ ਅਤੇ ਭੈਣ-ਭਰਾਵਾਂ ਬਾਰੇ ਵੀ ਦੱਸੋ, ਅਤੇ ਇਹ ਵੀ ਦੱਸੋ ਕਿ ਤੁਸੀਂ ਉਹਨਾਂ ਲਈ ਕੀ ਕੀਤਾ ਹੈ? "ਉਹ ਪਿੰਡ ਰਹਿੰਦੇ ਹਨ ਮੈਂ ਪਿੰਡੋਂ ਆਪਣੇ ਹਿੱਸੇ ਵਿੱਚੋਂ ਕੁਝ ਨਹੀਂ ਲਿਆ, ਸਭ ਕੁਝ ਉਹਨਾਂ ਨੂੰ ਛੱਡ ਦਿੱਤਾ ਹੈ।" "ਜਾਣੀ ਕਿ ਕੱਚੀ ਕੋਠੜੀ ਅਤੇ ਘੋਰ ਗਰੀਬੀ" "ਇਹ ਤਾਂ ਜੀ ਆਪਣੀ-ਆਪਣੀ ਕਿਸਮਤ ਹੈ।" "ਤੁਹਾਡੀ ਕਿਸਮਤ ਉਹ ਲੋਕ ਬਦਲ ਸਕਦੇ ਹਨ ਪਰ ਤੁਸੀਂ ਉਹਨਾਂ ਨੂੰ ਕਿਸਮਤ ਉੱਪਰ ਛੱਡ ਦਿੱਤਾ ਹੈ!" ਮੁਲਾਕਾਤੀ ਮੂੰਹ ਵਿੱਚ ਬੁੜ ਬੁੜਾਉਂਦਾ ਇਹ ਕਹਿਕੇ ਉਠਕੇ ਚਲਾ ਗਿਆ ਕਿ ਲਾਹਣਤ ਹੈ ਤੇਰੀ ਇਹੋ ਜਿਹੀ ਅਮੀਰੀ ਦੇ।

*(ਅਜੀਤ ਅਖ਼ਬਾਰ : 6-11-2000)*

## ਗੇਟ

ਅੱਜ ਪਿੰਡ ਤੋਂ ਦੋ ਕਿਲੋਮੀਟਰ ਦੀ ਵਿੱਥ ਤੇ ਬਣੇ ਬੜੇ ਮਹਿੰਗੇ ਤੇ ਸ਼ਾਨਦਾਰ ਸੰਗਮਰਮਰੀ ਗੇਟ ਦੀ ਉਸਾਰੀ ਉਪਰੰਤ ਅਖੰਡ ਪਾਠ ਦਾ ਭੋਗ ਪਾਇਆ ਜਾ ਰਿਹਾ ਸੀ। ਵੱਖ-ਵੱਖ ਬੁਲਾਰੇ ਗੇਟ ਦਾ ਮਹੱਤਵ ਅਤੇ ਲੋੜ ਨੂੰ ਬੜੇ ਜ਼ੋਰ ਸ਼ੋਰ ਨਾਲ ਦੱਸ ਰਹੇ ਸਨ। ਆਖਰ ਵਿੱਚ ਵਾਰੀ ਆਈ ਪਿੰਡ ਦੇ ਉੱਘੇ ਵਿਦਵਾਨ ਲੇਖਕ ਗੁਰਚਰਨ ਨੂਰਪੁਰ ਦੀ। ਉਸਨੇ ਉੱਠਣ ਸਾਰ ਹੀ ਆਖਿਆ, "ਅੱਜ ਬੜਾ ਮੰਦ ਭਾਗਾ ਦਿਨ ਹੈ। ਜਿਸ ਦਿਨ ਮੇਰੇ ਪਿੰਡ ਵੱਲੋਂ ਕੀਤੀ ਮਹਿੰਗੀ ਫਜ਼ੂਲ ਖਰਚੀ ਦੀ ਚਰਚਾ ਹੋ ਰਹੀ ਹੈ। ਮੈਂ ਪਿੰਡ ਵਾਲ਼ਿਆਂ ਨੂੰ ਪੁੱਛਦਾ ਹਾਂ, ਮੈਨੂੰ ਦੱਸੋ ਕਿ ਗੇਟ ਦਾ ਕੀ ਮਹੱਤਵ ਹੈ? ਇਸਦੀ ਕੀ ਲੋੜ ਸੀ? ਇਸ ਨਾਲ਼ ਪਿੰਡ ਦੀ ਕਿਹੜੀ ਸ਼ਾਨ ਵੱਧ ਗਈ ਹੈ? ਸਾਰੇ ਪਾਸੇ ਚੁੱਪ ਛਾ ਗਈ। ਤੁਹਾਨੂੰ ਪਤਾ ਆਪਣੇ ਛੋਟੇ ਜਿਹੇ ਪਿੰਡ ਕਿੰਨੇ ਗਰੀਬ ਲੋਕਾਂ ਦੇ ਘਰ ਬਿਨਾਂ ਗੇਟ ਤੋਂ ਹਨ। ਤੁਸੀਂ ਇਸ ਬੇਲੋੜੇ ਗੇਟ ਤੇ ਲੱਖਾਂ ਰੁਪਏ ਖਰਚਕੇ ਸਗੋਂ ਟਾਰ੍ਹਾਂ ਮਾਰ ਰਹੇ ਹੋ। ਮੈਂ ਬੜੇ ਵਿਸ਼ਵਾਸ ਨਾਲ ਕਹਿੰਨਾ ਹਾਂ ਕਿ ਐਨੇ ਪੈਸੇ ਨਾਲ ਪਿੰਡ ਦੇ ਸਾਰੇ ਗਰੀਬ ਘਰਾਂ ਨੂੰ ਬੜੇ ਵਧੀਆ ਗੇਟ ਲੱਗ ਸਕਦੇ ਸਨ। ਜਿੰਨਾ ਦਾ ਕੋਈ ਮਹੱਤਵ ਹੋਣਾ ਸੀ, ਤੁਹਾਡੇ ਪਿੰਡ ਦੀ ਸ਼ਾਨ ਬਨਣੀ ਸੀ। ਮੈਂ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਪਿੰਡ ਵੱਲੋਂ ਕੀਤੀ ਬੱਜਰ ਗਲਤੀ ਤੁਸਾਂ ਨਾ ਕਰਨੀ।" ਗੇਟ ਬਣਵਾਉਣ ਵਾਲੀ ਕਮੇਟੀ ਨੂੰ ਇਹ ਸ਼ਬਦ ਧੁਰ ਅੰਦਰ ਤੱਕ ਵਿੰਨ੍ਹ ਗਏ ਸਨ, ਉਹਨਾਂ ਨੂੰ ਇੰਝ ਜਾਪਦਾ ਸੀ ਜਿਵੇਂ ਬਣਿਆ ਬਣਾਇਆ ਗੇਟ ਉਹਨਾਂ ਉੱਪਰ ਡਿੱਗ ਰਿਹਾ ਹੋਵੇ। ਉਹ ਰੀਸੋ-ਰੀਸ ਅਤੇ ਬਿਨਾਂ ਸੋਚੇ ਸਮਝੇ ਕੀਤੀ ਫਜ਼ੂਲ ਖਰਚੀ ਬਾਰੇ ਸੋਚਕੇ ਪਛਤਾ ਰਹੇ ਸਨ।

*(ਅਜੀਤ ਅਖ਼ਬਾਰ : 26-11-2000)*



## ਸ਼ਹੀਦ ਦਾ ਪਹਿਰਾ

ਲਗਾਤਾਰ ਪੰਜਾਬ ਵਿੱਚ ਕਾਲ਼ੇ ਕੱਛਿਆਂ ਦੇ ਗਰੋਹ ਵੱਲੋਂ ਕੀਤੀਆਂ ਜਾਂਦੀਆਂ ਘਨਾਉਣੀਆਂ ਘਟਨਾਵਾਂ ਕਾਰਨ ਅੱਜ ਪੰਚਾਇਤ ਘਰ ਵਿੱਚ ਪੂਰੇ ਪਿੰਡ ਦਾ ਇਕੱਠ ਹੋਇਆ ਸੀ ਤਾਂ ਕਿ ਪਿੰਡ ਵਿੱਚ ਰਾਤ ਨੂੰ ਪਹਿਰੇ ਦਾ ਪ੍ਰਬੰਧ ਕੀਤਾ ਜਾ ਸਕੇ। ਸਾਰੇ ਆਪੋ-ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਇਕੱਠ ਵਿੱਚ ਬੈਠੇ ਡੇਰੇ ਵਾਲੇ ਪੁੱਛਾਂ ਦੇਣ ਵਾਲ਼ੇ ਸਿਆਣੇ ਨੇ ਖੜ੍ਹੇ ਹੋਕੇ ਹੱਥ ਜੋੜਕੇ ਕਿਹਾ ਕਿ, "ਭਲਿਓ ਲੋਕੋ ਤੁਹਾਡੇ ਪਿੰਡ ਨੂੰ ਕਿਸੇ ਪਹਿਰੇ ਦੀ ਲੋੜ ਨਹੀਂ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਪਣੇ ਪਿੰਡ ਉਪਰ ਚੌਵੀ ਘੰਟੇ ਸ਼ਹੀਦ ਦਾ ਪਹਿਰਾ ਰਹਿੰਦਾ ਹੈ। ਉਹ ਰਾਤ ਨੂੰ ਚਿੱਟੇ ਘੋੜੇ ਉੱਪਰ ਚਿੱਟਾ ਬਾਣਾ ਪਾਕੇ ਸਾਰੀ-ਸਾਰੀ ਰਾਤ ਤੁਹਾਡੀ ਰਾਖੀ ਕਰਦਾ ਹੈ। ਪਿੰਡ ਵਾਲਿਆਂ ਨੇ ਸਾਧ ਦੀ ਹਾਂ ਵਿੱਚ ਹਾਂ ਰਲ਼ਾ ਦਿੱਤੀ ਤੇ ਆਪਣੇ-ਆਪਣੇ ਘਰਾਂ ਨੂੰ ਪਰਤ ਗਏ। ਪਿੰਡ ਦਾ ਵਿਦਵਾਨ ਖੋਜੀ ਤਰਕਸ਼ੀਲ ਮੇਜ਼ਰ ਸਿੰਘ ਸੰਧੂ ਕੁਝ ਕਹਿਣਾ ਚਾਹੁੰਦਾ ਸੀ ਪਰ ਲੋਕਾਂ ਵੱਲੋਂ ਅੱਖਾਂ ਮੀਚ ਕੇ ਸਾਧ ਦੀ ਹਾਂ ਵਿੱਚ ਕੀਤੀ ਹਾਂ ਕਾਰਨ ਚੁੱਪ ਕਰ ਗਿਆ ਸੀ। ਕੁਝ ਦਿਨਾਂ ਬਾਅਦ ਹੀ ਪਿੰਡ ਵਿੱਚ ਕਾਲ਼ੇ ਕੱਛਿਆਂ ਵਾਲੇ ਗਰੋਹ ਨੇ ਵੱਡੀ ਵਾਰਦਾਤ ਕਰਕੇ ਤਿੰਨ ਘਰਾਂ ਦੇ ਸਾਰੇ ਮੈਂਬਰਾਂ ਨੂੰ ਬੁਰੀ ਤਰ੍ਹਾਂ ਜਖ਼ਮੀ ਕਰਕੇ ਸਾਰਾ ਸਮਾਨ ਲੁੱਟਕੇ ਲੈ ਗਏ ਸਨ। ਲੋਕਾਂ ਦਾ ਫਿਰ ਇਕੱਠ ਹੋ ਗਿਆ ਪਿੰਡ ਦੇ ਨੌਜਵਾਨ ਮੇਜ਼ਰ ਸਿੰਘ ਸੰਧੂ ਦੀ ਅਗਵਾਈ ਹੇਠ ਪਾਖੰਡੀ ਸਾਧ ਨੂੰ ਮੂਹਰੇ ਲਾ ਕੇ ਪਿੰਡ ਦੇ ਇਕੱਠ ਵਿੱਚ ਲੈ ਆਏ ਸਨ। ਪਿੰਡ ਵਾਲ਼ੇ ਬੜੇ ਰੋਹ ਅਤੇ ਗੁੱਸੇ ਨਾਲ ਪੁੱਛ ਰਹੇ ਸਨ, "ਕਿ ਪਾਖੰਡੀ ਸਾਧਾ ਕਿੱਥੇ ਹੈ ਤੇਰਾ ਸ਼ਹੀਦ? ਕਿੱਥੇ ਹੈ ਉਹਦਾ ਚਿੱਟਾ ਘੋੜਾ ਕਿੱਧਰ ਗਿਆ ਚੌਵੀ ਘੰਟੇ ਦਾ ਪਹਿਰਾ।" ਪਾਖੰਡੀ ਸਾਧ ਪੈਰਾਂ ਤੋਂ ਲੈ ਕੇ ਸਿਰ ਤੱਕ ਕੰਬੀ ਜਾ ਰਿਹਾ ਸੀ ਅਤੇ ਥਿੜਕਦੀ ਅਵਾਜ਼ ਵਿੱਚ ਆਖਣ ਲੱਗਾ ਕਿ "ਭਲਿਓ ਲੋਕੋ ਸ਼ਹੀਦਾਂ ਦੀ ਵੀ ਉਮਰ ਹੁੰਦੀ ਹੈ, ਆਪਣਾ ਸ਼ਹੀਦ ਪਿਛਲੇ ਹਫ਼ਤੇ ਮਰ ਗਿਆ ਸੀ। ਮੇਰੀ ਗਲਤੀ ਹੈ ਮੈਂ ਪਿੰਡ ਵਾਲ਼ਿਆਂ ਨੂੰ ਦੱਸ ਨਹੀਂ ਸਕਿਆ।" ਇਹ ਸੁਣ ਕੇ ਪਿੰਡ ਦੇ ਨੌਜਵਾਨ ਹੋਰ ਭੜਕ ਗਏ। ਉਹਨਾਂ ਨੇ ਸਾਧ ਦੀ ਚੰਗੀ ਛਿੱਤਰ ਪਰੇਡ ਕੀਤੀ ਅਤੇ ਆਖ ਰਹੇ ਸਨ ਕਿ, "ਸ਼ਹੀਦ ਵੀ ਕਦੇ ਮਰੇ ਹਨ, ਉਹ ਤਾਂ ਅਮਰ ਹੁੰਦੇ ਹਨ। ਜਿਹੜੇ ਸਾਧ ਦੇ ਲੋਕ ਚਰਨੀਂ ਪਿਆ ਕਰਦੇ ਸਨ ਅੱਜ ਉਹੀ ਸਾਧ ਲੋਕਾਂ ਦੇ ਚਰਨ ਫੜ੍ਹ ਕੇ ਮੁਆਫ਼ੀਆਂ ਮੰਗ ਰਿਹਾ ਸੀ।

*(ਅਜੀਤ : 30-11-2000)*

# ਮਹਿਬੂਬ ਨੇਤਾ

ਅੱਜ ਆਜ਼ਾਦੀ ਦਾ ਦਿਨ ਸੀ। ਸ਼ਾਮ ਵੇਲੇ ਸਾਰੇ ਦੋਸਤ ਮਿੱਤਰਾਂ ਨੇ ਮਹਿਫਲ ਲਾਉਣ ਦਾ ਪ੍ਰੋਗਰਾਮ ਬਣਾ ਲਿਆ ਸੀ। ਹਾਲੀਂ ਇੱਕ ਪੈੱਗ ਹੀ ਲਾਇਆ ਸੀ ਕਿ ਪਵਿੱਤਰ ਸਿੰਘ ਬੋਲਿਆ ਕਿ, "ਯਾਰ ਪਹਿਲਾਂ ਇਹ ਦੱਸੋ ਕਿ ਮੇਰੀ ਅੱਜ ਦੀ ਸਟੇਜ ਸੈਕਟਰੀ ਕਿਹੋ ਜਿਹੀ ਰਹੀ।" ਜਸਵੀਰ ਭਲੂਰੀਆ ਬੋਲਿਆ ਕਿ, "ਪਹਿਲਾਂ ਅਗਲਾ ਪੈੱਗ ਪਾਓ ਫਿਰ ਦੱਸਦੇ ਹਾਂ ਕਿ ਤੇਰੀ ਸਟੇਜ ਸੈਕਟਰੀ ਕਿਹੋ ਜਿਹੀ ਰਹੀ।" "ਚੰਗਾ ਚਲੋ ਬਈ ਚੁੱਕੋ ਸਾਰੇ ਇਕੱਠੇ ਬੋਲੇ।" ਪਵਿੱਤਰ ਸਿੰਘ ਫਿਰ ਬੋਲਿਆ ਕਿ, "ਪਹਿਲਾਂ ਮੈਨੂੰ ਦੱਸੋ ਕਿ ਅੱਜ ਧੰਨ-ਧੰਨ ਕਰਾ ਦਿੱਤੀ ਕਿ ਨਹੀਂ।" ਜਸਵੀਰ ਭਲੂਰੀਆ ਫਿਰ ਬੋਲਿਆ ਕਿ, "ਮੈਂ ਮਹਿਫ਼ਲ ਖ਼ਰਾਬ ਨਹੀਂ ਕਰਨਾ ਚਾਹੁੰਦਾ ਸਾਂ, ਹੁਣ ਤੂੰ ਵਾਰ-ਵਾਰ ਪੁੱਛ ਰਿਹਾ ਏਂ ਤਾਂ ਮੈਂ ਦੱਸ ਹੀ ਦੇਂਦਾ ਹਾਂ ਕਿ ਤੂੰ ਬਹੁਤ ਹੀ ਘਟੀਆ ਬੋਲਿਆ ਸਵਾਏ ਪੰਪ ਮਾਰ ਕੇ ਨੇਤਾ ਜੀ ਨੂੰ ਬੇਲੋੜਾ ਵਡਿਆਉਣ ਤੋਂ ਬਿਨਾਂ ਕੁਝ ਨਹੀਂ ਕੀਤਾ। ਤੂੰ ਸਟੇਜ ਤੋਂ ਅੱਡੀਆਂ ਚੁੱਕ-ਚੁੱਕ ਬੜੇ ਜੋਰ ਸ਼ੋਰ ਨਾਲ ਆਖ ਰਿਹਾ ਸੀ ਕਿ ਸਾਡੇ ਮਹਿਬੂਬ ਨੇਤਾ, ਲੋਕਾਂ ਦੇ ਦਿਲਾਂ ਦੀ ਧੜਕਣ, ਕਿਰਤੀ ਕਾਮਿਆਂ, ਦੁਕਾਨਦਾਰਾਂ, ਕਿਸਾਨਾਂ ਅਤੇ ਮੁਲਾਜਮਾਂ ਦੇ ਮਸੀਹਾ ਪਹੁੰਚ ਚੁੱਕੇ ਹਨ। ਤੂੰ ਹੁਣ ਆਪ ਹੀ ਸੋਚ ਕਿ ਐਡੇ ਮਹਿਬੂਬ ਨੇਤਾ ਅਤੇ ਲੋਕਾਂ ਦੇ ਮਸੀਹੇ ਨੂੰ ਆਪਣੇ ਨਾਲ ਸੁਰੱਖਿਆ ਕਰਮਚਾਰੀਆਂ ਦੀ ਐਡੀ ਵੱਡੀ ਫੌਜ਼ ਰੱਖਣ ਦੀ ਕੀ ਲੋੜ ਹੈ?" ਪਵਿੱਤਰ ਸਿੰਘ ਦੀ ਸਾਰੀ ਪੀਤੀ ਲੱਥ ਚੁੱਕੀ ਸੀ। ਬਾਕੀਆਂ ਨੇ ਜ਼ੋਰ ਦੀ ਠਹਾਕਾ ਮਾਰ ਕੇ ਆਪਣਾ ਨਸ਼ਾ ਦੂਣਾ ਕਰ ਲਿਆ ਸੀ।



# ਲੱਚਰ ਗੀਤ

ਸਭਿਆਚਾਰਕ ਮੇਲੇ ਦੇ ਪ੍ਰਬੰਧਕ ਤੇ ਸਟੇਜ ਸੈਕਟਰੀ ਵਾਰ-ਵਾਰ ਸਟੇਜ ਤੋਂ ਆਖ ਰਿਹਾ ਸੀ ਕਿ, "ਗੀਤਾਂ ਦਾ ਮਿਆਰ ਰੱਖਿਆ ਜਾਵੇ। ਕੋਈ ਵੀ ਲੱਚਰ ਗੀਤ ਗਾਉਣ ਦੀ ਕੋਸ਼ਿਸ਼ ਨਾ ਕਰੇ। ਜੇ ਕਿਸੇ ਨੇ ਅਜਿਹਾ ਕੀਤਾ ਤਾਂ ਉਸਨੂੰ ਵਿਚਕਾਰੋਂ ਰੋਕ ਕੇ ਹਟਾਇਆ ਜਾਵੇਗਾ। ਫਿਰ ਉਹ ਆਪਣੀ ਬੇਇੱਜ਼ਤੀ ਨਾ ਸਮਝੇ। ਮੇਲਾ ਆਪਣੇ ਪੂਰੇ ਜ਼ੋਬਨ ਤੇ ਪਹੁੰਚ ਗਿਆ ਸੀ। ਏਨੇ ਚਿਰ ਨੂੰ ਇੱਕ ਨੌਜਵਾਨ ਗਾਇਕ ਨੇ ਲੱਚਰ ਗੀਤ ਗਾਉਣਾ ਸ਼ੁਰੂ ਕਰ ਦਿੱਤਾ। ਸਾਰੇ ਪ੍ਰਬੰਧਕ ਗੁੱਸੇ ਅਤੇ ਰੋਅਬ ਨਾਲ ਸਟੇਜ ਉੱਪਰ ਆ ਚੜ੍ਹੇ। ਸਟੇਜ ਸੈਕਟਰੀ ਨੂੰ ਕਹਿੰਦੇ, "ਏਹਨੂੰ ਬੰਦ ਕਰ" ਸੈਕਟਰੀ ਨੇ ਆਪਣੇ ਵੱਖਰੇ ਮਾਇਕ ਤੋਂ ਗੁੱਸੇ ਵਿੱਚ ਭਰੇ ਪੀਤੇ ਹੋਏ ਨੇ ਗੀਤ ਬੰਦ ਕਰਨ ਨੂੰ ਆਖਿਆ। ਦਰਸ਼ਕ ਕੁਝ ਹੱਕ 'ਚ ਤੇ ਕੁਝ ਕੁ ਵਿਰੋਧ ਵਿੱਚ ਰੌਲ਼ਾ ਪਾਉਣ ਲੱਗ ਪਏ। ਏਸੇ ਰੌਲੇ ਵਿੱਚ ਹੀ ਦਰਸ਼ਕਾਂ ਨੇ ਵੇਖਿਆ ਕਿ ਉਹੀ ਸੈਕਟਰੀ, ਅਤੇ ਪ੍ਰਬੰਧਕ ਗਾਇਕ ਕਲਾਕਾਰ ਦੇ ਪੈਰੀਂ ਹੱਥ ਲਾ ਰਹੇ ਸਨ। ਹੌਲ਼ੀ-ਹੌਲ਼ੀ ਮੁਆਫ਼ੀ ਵੀ ਮੰਗ ਰਹੇ ਸਨ। ਮੇਲੇ ਵਿੱਚ ਆਈ ਪੱਤਰਕਾਰਾਂ ਦੀ ਟੋਲੀ ਨੇ ਉਸ ਗਾਇਕ ਨੂੰ ਪੁੱਛਿਆ ਕਿ, "ਤੂੰ ਅਜਿਹੀ ਕਿਹੜੀ ਗੱਲ ਕਹੀ ਜਿਸ ਨਾਲ ਉਲਟੇ ਪ੍ਰਬੰਧਕ ਤੇਰੇ ਕੋਲ਼ੋਂ ਮੁਆਫੀਆਂ ਮੰਗ ਰਹੇ ਸਨ। ਤਾਂ ਉਸ ਗਾਇਕ ਨੇ ਆਖਿਆ ਕਿ ਮੈਂ ਕਿਹਾ, "ਪਹਿਲਾਂ ਮੇਲਾ ਬੰਦ ਕਰੋ।" ਤਾਂ ਪੱਤਰਕਾਰਾਂ ਨੇ ਹੋਰ ਉਤਸੁਕਤਾ ਨਾਲ ਪੁੱਛਿਆ ਕਿ, "ਤੂੰ ਮੇਲਾ ਬੰਦ ਕਰਨ ਨੂੰ ਕਿਉਂ ਕਿਹਾ?" ਤਾਂ ਗਾਇਕ ਨੇ ਦੱਸਿਆ, "ਜਦੋਂ ਮੈਂ ਆਖਿਆ ਕਿ ਇਹ ਗੀਤ ਤੁਹਾਡੇ ਇਸ ਪਿਓ ਨੇ ਹੀ ਲਿਖਿਆ ਜਿਸਦੀ ਯਾਦ ਵਿੱਚ ਮੇਲਾ ਲਾ ਰਹੇ ਹੋ। ਬੱਸ ਏਨਾ ਕਹਿਣ ਦੀ ਦੇਰ ਸੀ ਸਾਰੇ ਬਰਫ਼ ਵਿੱਚ ਲਾ ਦਿੱਤੇ। ਉਹ ਕਹਿੰਦੇ, "ਅਸੀਂ ਮਿੰਨਤ ਕਰਦੇ ਹਾਂ ਹੁਣ ਤੂੰ ਨਾ ਮੂੰਹ ਖੋਲ੍ਹੀਂ। ਅਸੀਂ ਤਾਂ ਗਲਤੀ ਕਰ ਬੈਠੇ ਹਾਂ ਤੂੰ ਨਾ ਕਰੀਂ।"

# ਸੁੱਚੀ ਕਿਰਤ

ਅੱਜ ਗੁਰਦੁਆਰੇ ਵਿੱਚ ਪੂਰੇ ਪਿੰਡ ਦਾ ਇਕੱਠ ਕੀਤਾ ਗਿਆ ਸੀ ਕਿਉਂਕਿ ਪਿਛਲੇ ਦਿਨੀਂ ਗੁਰਦੁਆਰਾ ਕਮੇਟੀ ਦੇ ਖਜ਼ਾਨਚੀ ਨੇ ਯੱਗ ਸਬੰਧੀ ਪਿੰਡ ਦੇ ਸੇਠ ਸਾਹਿਬ ਦੇ ਘਰੋਂ ਨੌਕਰ ਹੱਥ ਆਈ ਮਾਇਆ ਲੈਣ ਤੋਂ ਨਾਂਹ ਕਰ ਦਿੱਤੀ ਸੀ। ਕਮੇਟੀ ਦੇ ਪ੍ਰਧਾਨ ਨੇ ਖਜ਼ਾਨਚੀ ਪ੍ਰਤਾਪ ਸਿੰਘ ਹੀਰਾ ਨੂੰ ਆਖਿਆ, “ਸੰਗਤ ਨੂੰ ਦੱਸਿਆ ਜਾਵੇ ਕਿ ਤੂੰ ਸੇਠ ਸਾਹਿਬ ਦੀ ਮਾਇਆ ਕਿਉਂ ਵਾਪਸ ਕੀਤੀ? ਤੂੰ ਅਜਿਹਾ ਕਰਕੇ ਬੜੀ ਵੱਡੀ ਅਵੱਗਿਆ ਕੀਤੀ ਹੈ। ਜੋ ਕਮੇਟੀ ਫੈਸਲਾ ਕਰੇਗੀ ਤੈਨੂੰ ਓਹੀ ਸਜ਼ਾ ਦਿੱਤੀ ਜਾਵੇਗੀ। ਤੂੰ ਅੱਜ ਆਪਣੀ ਸਫ਼ਾਈ ਪੇਸ਼ ਕਰ ਸਕਦੈਂ।” ਪ੍ਰਤਾਪ ਸਿੰਘ ਹੀਰਾ ਨੇ ਫਤਹਿ ਬੁਲਾਉਣ ਉਪਰੰਤ ਗੁਰਦੁਆਰੇ ਦੇ ਗ੍ਰੰਥੀ ਵੱਲ ਇਸ਼ਾਰਾ ਕਰਕੇ ਆਖਿਆ ਕਿ, “ਪਹਿਲੇ ਦਿਨ ਬਾਬਾ ਜੀ ਨੇ ਨਗਰ ਨਿਵਾਸੀਆਂ ਨੂੰ ਸਪੀਕਰ ਤੋਂ ਇਹ ਅਵਾਜ਼ ਦਿੱਤੀ ਸੀ ਕਿ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਭਾਵ ਸੁੱਚੀ ਕਿਰਤ ਵਿੱਚੋਂ ਆਪਣੀ ਸਮਰਥਾ ਅਨੁਸਾਰ ਭਾਈ ਯੱਗ ਵਿੱਚ ਯੋਗਦਾਨ ਪਾਓ। ਹੁਣ ਸੇਠ ਸਾਹਿਬ ਦੱਸਣ ਕਿ ਇਹਦੀ ਕਿਹੜੀ ਦਸਾਂ ਨਹੁੰਆਂ ਦੀ ਕਮਾਈ ਹੈ? ਇਹਨੇ ਸਾਰਾ ਪਿੰਡ ਮੋਟਾ ਵਿਆਜ ਲਾ ਕੇ ਕਰਜ਼ਾਈ ਕੀਤਾ ਹੋਇਆ ਹੈ। ਕਿੰਨੇ ਲੋਕਾਂ ਦੀ ਜ਼ਮੀਨ ਗਹਿਣੇ ਬੈਅ ਲੈ ਕੇ ਉਹਨਾਂ ਦੇ ਮੂੰਹੋਂ ਰੋਟੀ ਖੋਹੀ ਬੈਠਾ ਹੈ। ਭੋਰਾ ਦੁਕਾਨ ਤੋਂ ਅੱਜ ਐਡਾ ਵੱਡਾ ਸ਼ਾਹ ਕਿਵੇਂ ਬਣਿਆ ਹੈ? ਇਹਦਾ ਲਾਡਲਾ ਜਿਹੜੀ ਅੱਜ ਸਰਕਾਰੀ ਕੁਰਸੀ ਤੇ ਬੈਠਾ ਹੈ ਉਥੋਂ ਹਰ ਰੋਜ਼ ਮੋਟੀ ਰਿਸ਼ਵਤ ਲੈ ਕੇ ਘਰ ਮੁੜਦਾ ਹੈ। ਗਰੀਬ, ਮਜ਼ਬੂਰ ਅਤੇ ਲਾਚਾਰ ਲੋਕਾਂ ਦਾ ਲਹੂ ਪੀਂਦਾ ਹੈ। ਇਹ ਤਾਂ ਆਪਣੇ ਬੱਚਿਆਂ ਨੂੰ ਪਾਪਾਂ ਦੀ ਕਮਾਈ ਦਾ ਜ਼ਹਿਰ ਦੇ ਰਿਹਾ ਹੈ। ਮੈਂ ਤਾਂ ਸਾਰੇ ਪਿੰਡ ਨੂੰ ਇਸ ਜ਼ਹਿਰ ਤੋਂ ਬਚਾਇਆ ਹੈ ਅਤੇ ਸਾਡੇ ਮਹਾਨ ਗੁਰੂਆਂ ਦੀਆਂ ਪਵਿੱਤਰ ਸਿੱਖਿਆਵਾਂ ਉੱਪਰ ਪਹਿਰਾ ਦਿੱਤਾ ਹੈ। ਮੈਂ ਕੋਈ ਗੁਨਾਹ ਨਹੀਂ ਕੀਤਾ। ਮੈਨੂੰ ਸੰਗਤ ਮੇਰੀਆਂ ਗੱਲਾਂ ਦਾ ਜਵਾਬ ਦੇਵੇ।” ਕਮੇਟੀ ਪ੍ਰਧਾਨ ਨੇ ਸੇਠ ਸਾਹਿਬ ਨੂੰ ਆਖਿਆ ਕਿ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹੋ। “ਸੇਠ ਸਾਹਿਬ ਨੇ ਕੰਬਦੀ ਅਤੇ ਥਿੜਕਦੀ ਅਵਾਜ਼ ਨਾਲ ਕਿਹਾ ਕਿ, “ਕਾਕਾ ਜੀ ਨੇ ਜੋ ਕਿਹਾ ਹੈ ਠੀਕ ਹੈ। ਮੈਂ ਅੱਗੇ ਤੋਂ ਸਮੂਹ ਸੰਗਤ ਨਾਲ ਵਾਅਦਾ ਕਰਦਾ ਹਾਂ ਕਿ ਸੱਚੀ ਸੁੱਚੀ ਕਿਰਤ ਕਮਾਈ ਕਰਾਂਗਾ। ਜੋ ਪਿੱਛੇ ਹੋ ਗਿਆ ਉਹਦੇ ਲਈ ਮੁਆਫੀ ਮੰਗਦਾ ਹਾਂ।”



# ਕੋਝੀ ਹਰਕਤ

ਗੁਰਮੇਲ ਬਰਾੜ ਨੇ ਬੱਸ ਵਿੱਚ ਚੜ੍ਹ ਕੇ ਸਾਹਮਣੇ ਪਈ ਖਾਲੀ ਸੀਟ ਵੱਲ ਇਸ਼ਾਰਾ ਕਰਕੇ ਨੌਜਵਾਨ ਨੂੰ ਪੁੱਛਿਆ, “ਕਾਕਾ ਜੀ ਇਹ ਨਾਲ਼ ਵਾਲ਼ੀ ਸੀਟ ਖਾਲੀ ਹੈ।” ਨੌਜਵਾਨ ਨੇ ਆਖਿਆ, “ਨਹੀਂ ਰੁਕੀ ਹੋਈ ਹੈ। ਤੁਹਾਨੂੰ ਬੈਗ ਪਿਆ ਵਿਖਾਈ ਨਹੀਂ ਦਿੰਦਾ?” ਏਨੇ ਚਿਰ ਨੂੰ ਇੱਕ ਨੌਜਵਾਨ ਲੜਕੀ ਬੱਸ ਵਿੱਚ ਚੜ੍ਹੀ ਤਾਂ ਉਸ ਨੌਜਵਾਨ ਨੇ ਝੱਟ ਬੈਗ ਚੁੱਕ ਲਿਆ ਤੇ ਉਸ ਲੜਕੀ ਨੂੰ ਆਪਣੇ ਨਾਲ਼ ਬਿਠਾ ਲਿਆ। ਗੁਰਮੇਲ ਬਰਾੜ ਇਹ ਵੇਖਕੇ ਬੜਾ ਹੈਰਾਨ ਹੋਇਆਂ ਅਤੇ ਬੋਲਿਆ ਕੁਝ ਨਾ। ਕੁਝ ਸਮਾਂ ਇਹ ਵੇਖਣ ਲਈ ਸੋਚਣ ਲੱਗ ਪਿਆ ਕਿ ਹੋ ਸਕਦਾ ਇਹ ਕੁੜੀ ਇਸਦੇ ਨਾਲ ਦੀ ਹੀ ਹੋਵੇ। ਅਜੇ ਗੱਡੀ ਚੱਲੀ ਨੂੰ ਕੁਝ ਸਮਾਂ ਹੀ ਹੋਇਆ ਕਿ ਲੜਕੀ ਨੇ ਉਸ ਨੌਜਵਾਨ ਨੂੰ ਘੂਰਦਿਆਂ ਆਖਿਆ ਕਿ, “ਆਪਣੇ ਭਾਰ ਬੈਠ ਮੇਰੇ ਉੱਪਰ ਕਿਉਂ ਡਿੱਗ ਰਿਹਾ ਏਂ” ਇਹ ਵੇਖ ਕੇ ਬਰਾੜ ਸਾਹਿਬ ਤੋਂ ਰਿਹਾ ਨਾ ਗਿਆ। ਉਸਨੂੰ ਗੁੱਸਾ ਆ ਗਿਆ। ਉਸਨੇ ਆਖਿਆ, “ਪਹਿਲਾਂ ਤਾਂ ਤੂੰ ਮੈਨੂੰ ਸੀਟ ਰੁਕੀ ਕਹਿ ਕੇ ਇਸ ਲੜਕੀ ਨੂੰ ਬੈਠਾਅ ਲਿਆ ਹੁਣ ਇਸ ਉੱਪਰ ਡਿੱਗ ਰਿਹਾ ਏਂ, ਤੈਨੂੰ ਸ਼ਰਮ ਨਹੀਂ ਆਉਂਦੀ?” ਤਾਂ ਉਹ ਨੌਜਵਾਨ ਬੋਲਿਆ ਕਿ, “ਤੇਰੀ ਇਹ ਭੈਣ ਲਗਦੀ ਏ?” ਬੱਸ ਫਿਰ ਕੀ ਸੀ? ਬਰਾੜ ਸਾਹਿਬ ਨੇ ਪੂਰੇ ਜ਼ੋਰ ਨਾਲ ਗੁਲਾਮੇਂ ਤੋਂ ਫੜ ਕੇ ਤਿੰਨ ਚਾਰ ਥੱਪੜ ਜੜ ਦਿੱਤੇ। ਕਹਿੰਦਾ, “ਹੁਣ ਦੱਸ ਕਿ ਇਹ ਤੇਰੀ ਭੈਣ ਲੱਗਦੀ ਹੈ ਕਿ ਮੇਰੀ?” ਨੌਜਵਾਨ ਡਰਿਆ ਤੇ ਘਬਰਾਇਆ ਕਹਿੰਦਾ “ਮੇਰੀ ਭੈਣ ਲੱਗਦੀ ਹੈ।” “ਫਿਰ ਸਿਆਣੇ ਵੀਰ ਭੈਣਾਂ ਉੱਪਰ ਨ੍ਹੀਂ ਡਿਗਦੇ, ਤੂੰ ਅਰਾਮ ਨਾਲ ਸਿੱਧਾ ਬੈਠ ਕੇ ਸਫਰ ਕਰ।” ਸਾਰੀ ਬਸ ਦੀਆਂ ਸਵਾਰੀਆਂ ਨੌਜਵਾਨ ਦੀ ਕੋਝੀ ਹਰਕਤ ਤੇ ਫਿੱਟ ਲਾਹਣਤਾਂ ਪਾ ਰਹੀਆਂ ਸਨ।

## ਸੋਚ

"ਡਾਕਟਰ ਸਾਹਿਬ ਮੈਨੂੰ ਦੱਸੋ ਕਿੰਨੇ ਕੁ ਦਿਨ ਹੋਰ ਉਡੀਕ ਕਰਨੀ ਪਵੇਗੀ।" ਹਸਪਤਾਲ ਵਿੱਚ ਡਾਕਟਰ ਦੀ ਸਲਾਹ ਨਾਲ ਨਵੀਂ ਅੱਖ ਪਵਾਉਣ ਦੀ ਖ਼ਾਹਿਸ਼ ਨਾਲ ਦਾਖ਼ਲ ਹੋਏ ਮਰੀਜ਼ ਨੇ ਅੱਕ ਕੇ ਪੁੱਛਿਆ? ਡਾਕਟਰ ਸਾਹਿਬ ਕਹਿੰਦੇ, "ਤੂੰ ਦੁਆ ਕਰ ਸਵੈਇੱਛਤ ਅੱਖਾਂ ਦਾਨ ਕਰਨ ਵਾਲੇ ਕਿਸੇ ਵਿਅਕਤੀ ਦੀ ਮੌਤ ਜਲਦੀ ਹੋ ਜਾਵੇ।" 'ਨਾ ਡਾਕਟਰ ਸਾਹਿਬ ਨਾ, ਮੈਂ ਇਹੋ ਜਿਹੀ ਦੁਆ ਕਰਨ ਨਾਲੋਂ ਅੰਨ੍ਹਾ ਹੀ ਚੰਗਾ ਹਾਂ।" ਡਾਕਟਰ ਸਾਹਿਬ ਕਹਿੰਦੇ, "ਸ਼ਾਬਾਸ਼! ਮੈਂ ਤੇਰੀ ਸੋਚ ਹੀ ਵੇਖਣੀ ਸੀ।"

*(ਅਜੀਤ 5.11.2000)*



## ਤਰਕਸ਼ੀਲ

"ਡੇਰੇ ਵਾਲੇ ਬਾਬੇ ਨੇ ਤਾਂ ਰਾਤ ਕਥਾ ਸੁਣਾ ਕੇ ਸਾਰੀ ਸੰਗਤ ਨੂੰ ਨਿਹਾਲ ਕਰ ਦਿੱਤਾ।" ਪਿੰਡ ਦੀ ਸੱਥ ਵਿੱਚ ਬੈਠੇ ਪਿੰਡ ਵਾਸੀ ਬੜੇ ਜ਼ੋਰ ਸ਼ੋਰ ਨਾਲ ਬਾਬੇ ਦੀ ਵਡਿਆਈ ਕਰ ਰਹੇ ਸਨ। ਏਨੇ ਚਿਰ ਨੂੰ ਉਹਨਾਂ ਨੂੰ ਪਿੰਡ ਦਾ ਤਰਕਸ਼ੀਲ ਦਲੀਪ ਸਿੰਘ ਬਿੱਟੂ ਸਾਹਮਣੇ ਆਉਂਦਾ ਦਿਸਿਆ। ਸਾਰੇ ਆਖਣ ਲੱਗੇ, "ਕਿ ਆਪਾਂ ਬਿੱਟੂ ਨੂੰ ਛੇੜੀਏ ਬਈ ਇਹ ਦੱਸ ਰਾਤੀਂ ਬਾਬੇ ਦੀ ਕਥਾ ਕਿਹੋ ਜਿਹੀ ਲੱਗੀ। ਇੱਕ ਨੇ ਆਖਿਆ ਕਿ, "ਇਹ ਇਹੋ ਜਿਹੀ ਥਾਂ ਨਹੀਂ ਜਾਂਦੇ" ਤਾਂ ਝੱਟ ਦੂਜੇ ਨੇ ਆਖਿਆ ਕਿ ਇਹ ਜਾਂਦੇ ਜ਼ਰੂਰ ਨੇ, ਪਰ ਆਪਣੇ ਵਾਂਗ ਅੱਖਾਂ ਮੀਟ ਕੇ ਸੁਣਨ ਨਹੀਂ ਜਾਂਦੇ ਬਲਕਿ ਡੂੰਘਾਈ ਤੱਕ ਜਾ ਕੇ ਸੱਚ ਲੱਭਦੇ ਹਨ।" ਏਨੇ ਚਿਰ ਨੂੰ ਦਲੀਪ ਸਿੰਘ ਸੱਥ ਵਿੱਚ ਪਹੁੰਚ ਗਿਆ ਤਾਂ ਸਾਰੇ ਇਕੱਠੇ ਬੋਲੇ, "ਤਰਕਸ਼ੀਲਾ ਬਾਬੇ ਦੀ ਕਥਾ ਬਾਰੇ ਸਾਨੂੰ ਕੁਝ ਦੱਸ?" "ਹਾਂ ਮੈਂ ਗਿਆ ਸੀ ਪਰ ਸਾਰਿਆਂ ਦੇ ਪਿੱਛੇ ਬੈਠ ਕੇ ਸੁਣ ਕੇ ਆਇਆ ਹਾਂ। ਬਾਬਾ ਜੀ ਕਹਿੰਦੇ ਸਨ ਮੌਤ ਅਟੱਲ ਹੈ, ਜਨਮ ਸਮੇਂ ਲਿਖੀ ਜਾਂਦੀ ਹੈ। ਸਮਾਂ ਅਤੇ ਸਥਾਨ ਨਿਸ਼ਚਤ ਹੈ ਤਾਂ ਮੈਂ ਪੁੱਛਦਾ ਹਾਂ ਜੇ ਮੌਤ ਅਟੱਲ ਹੈ, ਸਮਾਂ ਅਤੇ ਸਥਾਨ ਨਿਸ਼ਚਤ ਹੈ ਤਾਂ ਬਾਬਾ ਐਨੇ ਬਾਡੀ ਗਾਰਡ ਨਾਲ ਕਿਉਂ ਲਈ ਫਿਰਦਾ ਹੈ?" ਸਾਰੇ ਇੱਕ ਦੂਜੇ ਵੱਲ ਇਸ਼ਾਰਾ ਕਰਕੇ ਕਹਿੰਦੇ, "ਕਿਉਂ ਇਹਨੂੰ ਕਹਿੰਦੇ ਨੇ ਤਰਕਸ਼ੀਲ, ਖੋਲ੍ਹਤੀਆਂ ਨਾ ਅੱਖਾਂ!"

*(ਅਜੀਤ : 4-3-2001)*

# ਨਵਾਂ ਸਾਲ

"ਛੱਡ ਯਾਰ ਮੈਂ ਤੈਨੂੰ ਆਏ ਸਾਲ ਵਧਾਈ ਕਾਰਡ ਭੇਜਦਾ ਹਾਂ, ਪਰ ਤੂੰ ਮੈਨੂੰ ਅੱਜ ਤੱਕ ਕਦੇ ਕਾਰਡ ਨਹੀਂ ਭੇਜਿਆ।" ਸੁਖਦੇਵ ਗਿੱਲ ਨੇ ਆਪਣੇ ਦੋਸਤ ਮੱਖਣ ਸਿੰਘ ਨੂੰ ਆਖਿਆ। "ਮੈਂ ਲਕੀਰ ਦਾ ਫਕੀਰ ਨਹੀਂ ਬਣਨਾ ਚਾਹੁੰਦਾ, ਮੈਂ ਗਲਤ ਰੀਤੀ ਰਿਵਾਜਾਂ ਦੇ ਪੂਰੀ ਤਰ੍ਹਾਂ ਖਿਲਾਫ਼ ਹਾਂ। ਇਹ ਦੱਸ ਤੇਰੇ ਕਾਰਡਾਂ ਨੇ ਮੇਰੀ ਜ਼ਿੰਦਗੀ ਵਿੱਚ ਕੋਈ ਤਬਦੀਲੀ ਲਿਆਂਦੀ ਏ। ਸਗੋਂ ਪਹਿਲਾਂ ਨਾਲੋਂ ਵੀ ਥੱਲੇ ਨੂੰ ਜਾ ਰਹੇ ਹਾਂ। ਸੋ ਇਹ ਇੱਕ ਫਜ਼ੂਲ ਖ਼ਰਚੀ ਤੋਂ ਵੱਧ ਕੁਝ ਨਹੀਂ। ਹਾਂ ਏਨਾ ਜ਼ਰੂਰ ਹੈ ਕਾਰਡ ਬਣਾਉਣ ਅਤੇ ਵੇਚਣ ਵਾਲ਼ੇ ਜ਼ਰੂਰ ਥੋੜੇ ਬਹੁਤ ਖੁਸ਼ਹਾਲ ਹੋ ਜਾਂਦੇ ਹਨ। ਬਾਕੀ ਤੈਨੂੰ ਪਤਾ ਹੋਣਾ ਚਾਹੀਦਾ ਕਿ ਹਰ ਦਿਨ ਨਵਾਂ ਸਾਲ ਹੁੰਦਾ ਹੈ। ਜੇ ਅੱਜ 10 ਜਨਵਰੀ ਹੈ ਤਾਂ ਕੁੱਲ੍ਹ 11 ਜਨਵਰੀ ਵੀ ਪੂਰੇ 365 ਦਿਨ ਬਾਅਦ ਆਉਂਦੀ ਹੈ। ਸੋ ਇਸ ਕਰਕੇ ਸਿਰਫ ਇੱਕੋ ਦਿਨ ਹੀ ਜਸ਼ਨ ਮਨਾਉਣ ਦੀ ਕੋਈ ਤੁਕ ਨਹੀਂ। ਸਾਲ ਵਿੱਚ ਜਦੋਂ ਵੀ ਖੁਸ਼ੀ ਆਵੇ ਜਸ਼ਨ ਉਦੋਂ ਹੀ ਚੰਗੇ ਲਗਦੇ ਹਨ। ਬਾਕੀ ਤੇਰੇ ਨਵੇਂ ਸਾਲ ਵਾਲੇ ਦਿਨ ਪਤਾ ਨਹੀਂ ਕਿੰਨੇ ਘਰਾਂ ਵਿੱਚ ਦੁੱਖਾਂ ਦੇ ਪਹਾੜ ਟੁੱਟੇ ਹੋਣ। ਪਿਛਲੀ ਵੇਰ ਜਦੋਂ ਤੂੰ ਮੈਨੂੰ ਰੰਗ ਬਰੰਗਾ ਕਾਰਡ ਸ਼ੁਭਕਾਮਨਾਵਾਂ ਸਮੇਤ ਭੇਜਿਆ ਸੀ, ਉਸ ਤੋਂ ਕੁਝ ਦਿਨਾਂ ਬਾਅਦ ਹੀ ਮੇਰੇ ਜੁਆਨ ਪੁੱਤਰ ਦੀ ਮੌਤ ਹੋ ਗਈ ਸੀ। ਮੱਖਣ ਸਿੰਘ ਲਗਾਤਾਰ ਬੋਲੀ ਜਾ ਰਿਹਾ ਸੀ। ਆਖਿਰ ਸੁਖਦੇਵ ਸਿੰਘ ਉਸਦੇ ਮੂੰਹ ਤੇ ਹੱਥ ਰੱਖ ਕੇ ਕਹਿੰਦਾ, "ਦੋਸਤਾ, ਜੋ ਕੁਝ ਹੋ ਗਿਆ ਉਸ ਲਈ ਖ਼ਿਮਾ ਮੰਗਦਾ ਹਾਂ, ਅੱਗੇ ਤੋਂ ਅਜਿਹਾ ਨਹੀਂ ਹੋਵੇਗਾ।"

*(ਅਜੀਤ : 8-2-2002)*



# ਅਹਿਸਾਸ

ਅਚਾਨਕ ਆਏ ਅੰਨ੍ਹੇ ਪੈਸੇ ਨਾਲ ਉਹ ਅੰਨ੍ਹਾ ਹੋ ਚੁੱਕਾ ਸੀ। ਸਭ ਰਿਸ਼ਤੇ ਨਾਤੇ ਭੁੱਲ ਚੁੱਕਾ ਸੀ। ਉਹ ਤੇ ਉਸਦੀ ਘਰ ਵਾਲ਼ੀ ਸੋਚਦੇ ਕਿ ਪੈਸੇ ਨਾਲ ਕੀ ਨਹੀਂ ਹੋ ਸਕਦਾ? ਅਸੀਂ ਨੰਗ ਮਲੰਗ ਭੈਣ ਭਰਾਵਾਂ ਤੋਂ ਕੀ ਲੈਣਾ ਏ? ਉਸਨੇ ਕੱਲੇ-ਕੱਲੇ ਕਰਕੇ ਸਭ ਭੈਣ-ਭਰਾਵਾਂ ਤੋਂ ਉਸ ਨੂੰ ਦੂਰ ਕਰ ਦਿੱਤਾ ਸੀ ਕਿਉਂਕਿ ਉਹ ਲਾਈ-ਲੱਗ ਤੇ ਕੰਨਾ ਦਾ ਕੱਚਾ ਸੀ। ਕੁੱਝ ਸਮੇਂ ਬਾਅਦ ਉਸਦੀ ਮਹਿੰਗੀ ਕਾਰ ਦਾ ਐਕਸੀਡੈਂਟ ਹੋਣ ਕਰਕੇ ਦੋਨੋਂ ਲੱਤਾਂ ਟੁੱਟ ਚੁੱਕੀਆਂ ਸਨ। ਉਸਦੇ ਦੋਸਤ ਮਿੱਤਰ ਹਸਪਤਾਲ ਆਉਂਦੇ ਪਰ ਕਾਹਲ਼ੀ-ਕਾਹਲ਼ੀ ਹਾਲ ਚਾਲ ਪੁੱਛਕੇ ਵਾਪਸ ਪਰਤ ਜਾਂਦੇ। ਉਸੇ ਵਾਰਡ ਵਿੱਚ ਸਾਹਮਣੇ ਬੈੱਡ ਉਪਰ ਕਿਸੇ ਬੀਮਾਰੀ ਨਾਲ ਪੀੜਤ ਗਰੀਬੜਾ ਜਿਹਾ ਮਰੀਜ਼ ਵੀ ਦਾਖਲ ਸੀ। ਉਸਦੇ ਦੋ ਭਰਾ ਅਤੇ ਇੱਕ ਭੈਣ ਉਸਦੀ ਜੀਅ ਜਾਨ ਨਾਲ ਪੂਰੀ ਸੇਵਾ ਕਰ ਰਹੇ ਸਨ। ਜਦੋਂ ਉਸਦੀਆਂ ਭਰਜਾਈਆਂ ਆਉਂਦੀਆਂ ਤਾਂ ਉਹ ਹਾਸਾ ਠੱਠਾ ਮਖ਼ੌਲ ਕਰਕੇ ਆਪਣੇ ਦਿਓਰ ਨੂੰ ਬੀਮਾਰੀ ਭੁਲਾ ਦੇਂਦੀਆਂ ਸਨ। ਭੈਣ ਸਿਰਹਾਣੇ ਬੈਠਕੇ ਆਪਣੇ ਭਰਾ ਦੀ ਤੰਦਰੁਸਤੀ ਅਤੇ ਸਲਾਮਤੀ ਲਈ ਪ੍ਰਮਾਤਮਾ ਅੱਗੇ ਦੁਆ ਕਰਦੀ ਸੀ। ਉਹ ਅਮੀਰ ਜੋੜਾ ਇਹ ਦ੍ਰਿਸ਼ ਵੇਖਕੇ ਅੰਦਰੋਂ ਅੰਦਰੀ ਬੜੀ ਬੁਰੀ ਤਰ੍ਹਾਂ ਝੂਰ ਰਿਹਾ ਸੀ ਕਿ ਆਪਾਂ ਤਾਂ ਪੈਸੇ ਨੂੰ ਹੀ ਸਭ ਕੁਝ ਸਮਝ ਬੈਠੇ ਸੀ। ਬੈਂਕ ਵਿਚਲੀ ਐਨੀ ਮਾਇਆ ਅਤੇ ਜਾਇਦਾਦ ਨਾਹੀਂ ਦੁੱਖ ਸੁੱਖ ਕਰਦੀਆਂ ਨੇ ਨਾਹੀਂ ਭੈਣ ਭਰਾਵਾਂ ਵਾਂਗ ਸੇਵਾ ਕਰਦੀਆਂ ਨੇ। ਹੁਣ ਪਤਾ ਲੱਗਾ ਕਿ ਪੈਸਾ ਤਾਂ ਕੋਈ ਚੀਜ਼ ਹੀ ਨਹੀਂ, ਭੈਣ ਭਰਾਵਾਂ ਦਾ ਪਿਆਰ ਹੀ ਸਭ ਕੁੱਝ ਹੈ। ਇਸਤੋਂ ਵੱਡੀ ਦੌਲਤ ਕੋਈ ਨਹੀਂ।

# ਅਨੋਖੀ ਸਜ਼ਾ

ਬੋਰਡ ਦੀ ਪ੍ਰੀਖਿਆ ਦੇ ਵਿੱਚ ਉਡਣ ਦਸਤੇ ਨੇ ਅਚਾਨਕ ਇੱਕ ਕੇਂਦਰ ਤੇ ਛਾਪਾ ਮਾਰਿਆ। ਸੁਪਰਵਾਈਜਰ ਪੂਰੇ ਜ਼ੋਰ ਸ਼ੋਰ ਨਾਲ ਬੱਚਿਆਂ ਨੂੰ ਨਕਲ ਕਰਵਾਅ ਰਿਹਾ ਸੀ। ਉਡਣ ਦਸਤੇ ਨੇ ਬੱਚਿਆਂ ਦੇ ਸਾਹਮਣੇ ਹੀ ਉਸ ਅਧਿਆਪਕ ਦੀ ਚੰਗੀ ਲਾਹ ਭਾਹ ਕਰਦਿਆਂ ਆਖਿਆ ਕਿ ਜਿੰਨ੍ਹਾਂ ਬੱਚਿਆਂ ਦੀ ਖਾਤਰ ਤੂੰ ਆਪਣੀ ਜ਼ਿੰਦਗੀ ਦਾਅ ਤੇ ਲਾਈ ਹੋਈ ਹੈ। ਇਹ ਭਾਵੇਂ ਇਮਤਿਹਾਨ ਪਾਸ ਕਰ ਜਾਣ ਪਰ ਤੂੰ ਆਪਣੀ ਜ਼ਿੰਦਗੀ ਦੇ ਇਮਤਿਹਾਨ ਵਿੱਚੋਂ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕਾਂ ਏ। ਨਾ ਤਾਂ ਤੂੰ ਇੱਕ ਅਧਿਆਪਕ, ਨਾ ਹੀ ਇੱਕ ਸੁਪਰਵਾਈਜ਼ਰ ਅਤੇ ਨਾ ਹੀ ਇੱਕ ਆਮ ਇਨਸਾਨ ਦੇ ਯੋਗ ਏਂ। ਹੁਣ ਲੰਬਾ ਸਮਾਂ ਬੀਤ ਜਾਣ ਤੇ ਵੀ ਜਦੋਂ ਉਸਨੂੰ ਉਡਣ ਦਸਤੇ ਦੇ ਕਹੇ ਬੋਲ ਯਾਦ ਆ ਜਾਂਦੇ ਤਾਂ ਉਸਨੂੰ ਕੰਬਣੀ ਦੇ ਨਾਲ ਕੱਚੀ ਤ੍ਰੇਲੀ ਆ ਜਾਂਦੀ ਅਤੇ ਉਹ ਸੋਚਦਾ ਕਿ ਅਜਿਹੀ ਸਜ਼ਾ ਨਾਲੋਂ ਤਾਂ ਚੰਗਾ ਸੀ ਮੈਨੂੰ ਸਸਪੈਂਡ ਕਰ ਜਾਂਦੇ।



# ਤਾੜੀਆਂ

ਸਾਹਿਤਕ ਸਮਾਗਮ ਖਤਮ ਹੋਣ ਉਪਰੰਤ ਪ੍ਰਧਾਨ ਸਾਹਿਬ ਮੁੱਖ ਮਹਿਮਾਨ ਨੂੰ ਖਾਣਾ ਖਵਾਉਣ ਲਈ ਘਰ ਲੈ ਗਏ। ਪਹਿਲੇ ਪੈੱਗ ਹੀ ਮੁੱਖ ਮਹਿਮਾਨ ਕਹਿੰਦਾ, "ਵੇਖਿਆ ਮੇਰੇ ਭਾਸ਼ਨ ਤੇ ਕਿਵੇਂ ਤਾੜੀਆਂ ਵੱਜ ਰਹੀਆਂ ਸਨ। ਜਦੋਂ ਤੁਹਾਡੇ ਸੈਕਟਰੀ ਨੇ ਮੇਰੇ ਬਾਰੇ ਬੋਲਿਆ ਤਾਂ ਉਸ ਵੇਲੇ ਵੀ ਸਰੋਤਿਆਂ ਨੇ ਬਹੁਤ ਤਾੜ੍ਹੀਆਂ ਮਾਰੀਆਂ।" "ਤਾੜੀਆਂ ਤਾਂ ਹੁਣ ਵੀ ਵੱਜ ਰਹੀਆਂ ਹੋਣਗੀਆਂ ਤੁਹਾਡੀ ਅਤੇ ਮੇਰੀ ਅਕਲ ਤੇ।" ਪ੍ਰਧਾਨ ਸਾਹਿਬ ਬੋਲੇ, "ਕਿਉਂ?" ਕਿਉਂਕਿ ਤੁਹਾਨੂੰ ਸਨਮਾਨ ਕਰਨ ਬਾਰੇ ਮੈਂ ਸਾਹਿਤ ਸਭਾ ਨੂੰ ਸਲਾਹ ਦਿੱਤੀ ਸੀ ਏਸ ਕਰਕੇ।" ਤੇ ਫਿਰ ਹੁਣ ਤਾੜੀਆਂ ਵੱਜਣ ਵਾਲੀ ਕਿਹੜੀ ਗੱਲ ਹੈ।" ਸੈਕਟਰੀ ਸਾਹਿਬ ਨੇ ਤੁਹਾਡੀ ਕਿੰਨੀ ਠੁੱਕ ਬਣਾਈ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਮਬਰਦਾਰ, ਪੰਜਾਬੀ ਮਾਂ ਬੋਲੀ ਦੇ ਬਹੁਤ ਹੀ ਵੱਡੇ ਸੇਵਾਦਾਰ ਦੱਸਿਆ।" "ਨਾ ਫਿਰ ਇਸ ਵਿੱਚ ਕੋਈ ਸ਼ੱਕ ਹੈ?" "ਜਦੋਂ ਸਮਾਗਮ ਤੋਂ ਬਾਅਦ ਫੋਟੋ ਹੋਣ ਲੱਗੀ ਤਾਂ ਤੁਸੀਂ ਆਖਿਆ ਕਿ ਮੇਰੀ ਸਾਰੀਆਂ ਸਭਾਵਾਂ ਦੇ ਮੈਂਬਰਾਂ ਨਾਲ ਚੰਗੀ ਤਰ੍ਹਾਂ ਜਾਣ ਪਛਾਣ ਕਰਾਓ। ਮੈਂ ਜਦੋਂ ਜਾਣ ਪਛਾਣ ਕਰਵਾਅ ਰਿਹਾ ਸੀ ਤਾਂ ਤੁਸੀਂ ਅਖ਼ਬਾਰਾਂ ਰਸਾਲਿਆਂ ਵਿੱਚ ਲਗਾਤਾਰ ਛਪਣ ਵਾਲਿਆਂ ਨੂੰ ਪੁੱਛ ਰਹੇ ਸੀ।

"ਕੀ ਲਿਖਦੇ ਹੁੰਦੇ ਹੋ? ਕਿਹੜੇ ਅਖ਼ਬਾਰ ਰਸਾਲੇ ਵਿੱਚ ਛਪਦੇ ਹੋ?" "ਅਸਲ ਵਿੱਚ ਗੱਲ ਪਤਾ ਕੀ ਹੈ? ਪਿਛਲੇ ਕਈ ਸਾਲਾਂ ਤੋਂ ਬੱਚਿਆਂ ਨੇ ਜਿਦ ਕਰਕੇ ਪੰਜਾਬੀ ਅਖ਼ਬਾਰ ਬੰਦ ਕਰਵਾਕੇ ਅੰਗਰੇਜ਼ੀ ਦਾ ਅਖ਼ਬਾਰ ਲਗਵਾਇਆ ਹੋਇਆ ਹੈ।"

*(ਅਜੀਤ ਅਖ਼ਬਾਰ : 29-4-2001)*

## ਸਮਾਜ ਸੇਵੀ

"ਯਾਰ! ਤੂੰ ਐਨੇ ਚਿਰ ਦਾ ਮੇਰੇ ਪਿੱਛੇ ਪਿਆਂ ਕਿ ਮੈਨੂੰ ਵੀ ਆਪਣੇ ਸਭਿਆਚਾਰਕ ਮੇਲੇ ਵਿੱਚ ਸਨਮਾਨਿਤ ਕਰਵਾਅ। ਪਹਿਲਾਂ ਇਹ ਦੱਸ ਨਾ ਤਾਂ ਤੂੰ ਗਾਇਕ ਏਂ, ਨਾ ਹੀ ਗੀਤਕਾਰ ਏਂ, ਨਾ ਹੀ ਸੰਗੀਤਕਾਰ ਏਂ ਅਤੇ ਨਾ ਹੀ ਪੰਜਾਬੀ ਸਭਿਆਚਾਰ ਨੂੰ ਕੋਈ ਤੇਰੀ ਦੇਣ ਏ।" "ਮੈਂ ਕਦੋਂ ਕਿਹਾ ਮੇਰੀ ਕੋਈ ਦੇਣ ਏਂ, ਜੇ ਕੋਈ ਦੇਣ ਹੁੰਦੀ ਫਿਰ ਤੈਨੂੰ ਕਹਿਣ ਦੀ ਕੀ ਲੋੜ ਸੀ।" "ਫਿਰ ਤੂੰ ਆਪ ਹੀ ਦੱਸ ਕਿ ਕੀ ਕਹਿਕੇ ਤੈਨੂੰ ਸਨਮਾਨਿਤ ਕਰਵਾਵਾਂ।" "ਬਸ ਤੂੰ ਉਂਘਾ ਸਮਾਜ ਸੇਵੀ ਕਹਿਕੇ ਸਨਮਾਨਿਤ ਕਰਵਾਅ ਦੇਵੀਂ।" "ਜੇ ਕਿਸੇ ਨੇ ਪੁੱਛ ਲਿਆ ਕਿ ਇਸਨੇ ਕਿਹੜੀ ਸੇਵਾ ਕੀਤੀ ਹੈ।" "ਕੋਈ ਨ੍ਹੀਂ ਪੁੱਛਦਾ ਅੱਗੇ ਕਈ ਮੇਲਿਆਂ ਵਿੱਚ ਇਸੇ ਤਰ੍ਹਾਂ ਸਨਮਾਨ ਹੋ ਚੁੱਕਾ ਹੈ।"

*(ਅਜੀਤ 22.4.2001)*



## ਪਾਸ

"ਕਿਉਂ ਬਈ ਪੁੱਤਰਾ! ਕਿਵੇਂ ਰਿਹਾ ਤੇਰਾ ਨਤੀਜਾ", ਪਿਤਾ ਨੇ ਆਪਣੇ ਪੁੱਤਰ ਨੂੰ ਪੁੱਛਿਆ। "ਪਾਪਾ ਜੀ ਬਸ ਪੰਜ ਸੱਤ ਨੰਬਰਾਂ ਤੇ ਕੰਮ ਰਹਿ ਗਿਆ ਹੈ।" "ਪੁੱਤਰਾ ਤੈਨੂੰ ਬੜਾ ਜ਼ੋਰ ਲਾਉਂਦੇ ਰਹੇ ਕਿ ਮਿਹਨਤ ਕਰ ਪਰ ਤੂੰ ਸਾਡੀ ਗੱਲ ਨਹੀਂ ਮੰਨੀ ਤਾਂਈਉਂ ਫੇਲ੍ਹ ਹੋ ਗਿਆਂ ਏਂ! ਬਾਕੀ ਤੇਰੇ ਦੋਸਤ ਮਿੱਤਰ ਪਾਸ ਹੋ ਗਏ।" "ਹਾਂ ਪਿਤਾ ਜੀ, ਉਹ ਪਾਸ ਹੋ ਗਏ ਹਨ।" "ਜਿਹੜੇ ਬੱਚੇ ਮਾਪਿਆਂ ਦੇ ਆਖੇ ਨਹੀਂ ਲਗਦੇ ਉਹ ਫੇਲ੍ਹ ਹੀ ਹੁੰਦੇ ਹਨ। ਵੇਖ ਉਹਨਾਂ ਦੇ ਮਾਂ-ਬਾਪ ਵੀ ਘੱਟ ਪੜ੍ਹੇ ਲਿਖੇ ਹਨ ਪੁੱਤਰਾ ਅਸੀਂ ਵੱਧ ਪੜ੍ਹੇ ਲਿਖੇ ਹਾਂ ਸਾਡਾ ਬੱਚੇ ਫੇਲ੍ਹ ਹੋ ਗਿਆ ਲੋਕ ਕੀ ਆਖਣਗੇ।" "ਪਿਤਾ ਜੀ ਉਹਨਾਂ ਦੇ ਮਾਂ-ਪਿਓ ਨੇ ਸਿੱਖਿਆ ਦਿੱਤੀ ਸੀ ਕਿ ਕੋਈ ਵੀ ਢੰਗ ਅਪਣਾਓ ਪਾਸ ਹੋਣੇ ਚਾਹੀਦੇ ਹੋ ਉਹਨਾਂ ਨੇ ਰੱਜਕੇ ਨਕਲ ਮਾਰੀ। ਤੁਸੀਂ ਮੈਨੂੰ ਸਿੱਖਿਆ ਦਿੱਤੀ ਸੀ ਕਿ ਆਪਣੀ ਮਿਹਨਤ ਨਾਲ ਪਾਸ ਹੋਣਾ ਨਕਲ ਨਹੀਂ ਮਾਰਨੀ ਮੈਂ ਇਸ ਕਰਕੇ ਫੇਲ੍ਹ ਹੋ ਗਿਆ ਹਾਂ। ਪਿਤਾ ਜੀ ਇੱਕ ਗੱਲ ਸੁਣ ਲਵੋ ਮੈਂ ਤਾਂ ਕੁਝ ਨੰਬਰਾਂ ਤੇ ਇੱਕ ਜਮਾਤ ਵਿੱਚੋਂ ਹੀ ਫੇਲ੍ਹ ਹੋਇਆ ਹਾਂ। ਉਹ ਲੋਕ ਪੂਰੀ ਜ਼ਿੰਦਗੀ 'ਚੋਂ ਫੇਲ੍ਹ ਹੋਣਗੇ। ਕਿਉਂਕਿ ਉਹਨਾਂ ਨੇ ਆਪਣੇ ਜੀਵਨ ਦੇ ਮਹਿਲ ਦੀ ਨੀਂਹ ਬੜੀ ਕਮਜ਼ੋਰ ਰੱਖੀ ਹੈ। ਤੇਰਾ ਪੁੱਤਰ ਆਉਣ ਵਾਲ਼ੇ ਸਾਲ ਚੰਗੇ ਨੰਬਰ ਲੈ ਕੇ ਇੱਕ ਜਮਾਤ ਹੀ ਪਾਸ ਨਹੀਂ ਕਰੇਗਾ ਬਲਕਿ ਪੂਰੀ ਜ਼ਿੰਦਗੀ ਦੇ ਇਮਤਿਹਾਨਾਂ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੁੰਦਾ ਰਹੇਗਾ।" "ਬਸ! ਪੁੱਤਰਾ, ਹੁਣ ਤੂੰ ਫੇਲ੍ਹ ਨਹੀਂ ਪਾਸ ਏਂ।"

*(ਅਜੀਤ : 3-6-2001)*

# ਖ਼ਬਰ

"ਯਾਰ ਪ੍ਰਤਾਪ ਸਾਨੂੰ ਓਨਾ ਐਕਸੀਡੈਂਟ ਨਾਲ ਹੋਏ ਜ਼ਖ਼ਮਾਂ ਦਾ ਦੁੱਖ ਨਹੀਂ ਜਿੰਨਾ ਇਸ ਗੱਲ ਦਾ ਹੈ ਕਿ ਅਸੀਂ ਪਿਛਲੇ ਇੱਕ ਹਫ਼ਤੇ ਤੋਂ ਇਸ ਹਸਪਤਾਲ ਵਿੱਚ ਦਾਖ਼ਲ ਹਾਂ। ਜਿਸ ਬਲਜੀਤ ਦੀ ਖਬਰ ਲੈਣ ਆਇਆਂ ਦਾ ਐਕਸੀਡੈਂਟ ਹੋਇਆ ਹੈ ਉਸਨੇ ਇੱਕ ਵੇਰ ਵੀ ਸਾਡੀ ਖ਼ਬਰ ਨਹੀਂ ਲਈ।" ਭੁਪਿੰਦਰ ਸਿੰਘ ਅਤੇ ਪਵਿੱਤਰ ਸਿੰਘ ਨੇ ਇਹ ਸ਼ਬਦ ਪ੍ਰਤਾਪ ਸਿੰਘ ਕੋਲ਼ ਆਖੇ ਜਿਹੜਾ ਕਿ ਉਹਨਾਂ ਦੀ ਖ਼ਬਰ ਲੈਣ ਲਈ ਜ਼ੀਰੇ ਤੋਂ ਆਇਆ ਸੀ। "ਕੋਈ ਗੱਲ ਨਹੀਂ, ਮੈਂ ਬਲਜੀਤ ਦੀ ਖ਼ਬਰ ਵੀ ਲੈਣੀ ਹੈ ਉਹਦੇ ਨਾਲ ਗੱਲ ਕਰਾਂਗਾ।" "ਅੱਛਾ! ਇਹ ਸਾਨੂੰ ਦੱਸਕੇ ਜਾਵੀਂ ਕਿ ਕੀ ਕਹਿੰਦਾ ਸਾਡੇ ਬਾਰੇ।" ਪ੍ਰਤਾਪ ਸਿੰਘ ਉਸ ਵਾਰਡ ਵਿੱਚ ਪਹੁੰਚ ਗਿਆ ਜਿੱਥੇ ਬਲਜੀਤ ਸਿੰਘ ਦਾਖ਼ਲ ਸੀ। ਖ਼ਬਰ ਸਾਰ ਲੈਣ ਉਪਰੰਤ ਪ੍ਰਤਾਪ ਨੇ ਬਲਜੀਤ ਨੂੰ ਆਖਿਆ ਕਿ ਤੇਰੇ ਯਾਰ ਵੀ ਇਸ ਹਸਪਤਾਲ ਵਿੱਚ ਦਾਖ਼ਲ ਹਨ ਤੈਨੂੰ ਪਤਾ ਨਹੀਂ?" "ਪਤਾ ਸਭ ਕੁਝ ਹੈ। ਇਹੋ ਜਹੇ ਘਟੀਆ ਯਾਰਾਂ ਨਾਲੋਂ ਵਧੀਆ ਦੁਸ਼ਮਣ ਲੱਖ ਦਰਜ਼ੇ ਚੰਗੇ ਹੁੰਦੇ ਹਨ।" "ਕਿਉਂ ਕੀ ਗੱਲ ਹੈ?" "ਇਹ ਮੇਰੀ ਖ਼ਬਰ ਲੈਣ ਆਏ ਉਸ ਦਿਨ ਮੇਰਾ ਬੜਾ ਬੁਰਾ ਹਾਲ ਸੀ। ਅਗਲੇ ਦਿਨ ਮੇਰਾ ਵੱਡਾ ਅਪ੍ਰੇਸ਼ਨ ਹੋਣਾ ਸੀ ਹੋ ਸਕਦਾ ਮੇਰੀ ਮੌਤ ਵੀ ਹੋ ਜਾਂਦੀ। ਪਰ ਮੈਂ ਹੈਰਾਨ ਹਾਂ ਕਿ ਇਹਨਾਂ ਨੇ ਪਹਿਲਾਂ ਮੁਲਾਂਪੁਰ ਬੈਠਕੇ ਸ਼ਰਾਬ ਪੀਤੀ ਫਿਰ ਜਗਰਾਓਂ ਜਾਕੇ ਪੀਤੀ। ਐਨਾ ਲੰਬਾ ਸਫ਼ਰ ਕੋਲ ਸਕੂਟਰ ਸੀ। ਇਹਨਾਂ ਨੂੰ ਕੋਈ ਪੁੱਛੇ ਕਿ ਕਿਹੜੀ ਖੁਸ਼ੀ ਵਿੱਚ ਉਸ ਦਿਨ ਇਹਨਾਂ ਨੇ ਐਨੀ ਸ਼ਰਾਬ ਪੀਤੀ। ਇਹ ਇੱਕ ਦਿਨ ਠਹਿਰਕੇ ਵੀ ਪੀ ਸਕਦੇ ਸਨ। ਮੈਨੂੰ ਨਹੀਂ ਲੋੜ ਇਹੋ ਜਿਹੇ ਘਟੀਆ ਮਿੱਤਰਾਂ ਦੀ।" ਪ੍ਰਤਾਪ ਸਿੰਘ ਨੇ ਜਦੋਂ ਬਲਜੀਤ ਸਿੰਘ ਦੀਆਂ ਗੱਲਾਂ ਸੁਣੀਆਂ ਤਾਂ ਉਹ ਭੁਪਿੰਦਰ ਸਿੰਘ ਅਤੇ ਪਵਿੱਤਰ ਸਿੰਘ ਨੂੰ ਬਿਨ ਮਿਲਿਆ ਵਾਪਸ ਪਰਤ ਗਿਆ ਸੀ।



# ਲੁਟੇਰੇ

"ਪਾਪਾ ਜੀ, ਉਹ ਸਾਹਮਣੇ ਤਿੰਨ ਮੰਜ਼ਲੀ ਵੱਡੀ ਸਾਰੀ ਕੋਠੀ ਕਿੰਨਾ ਦੀ ਹੈ? ਜੀਹਦੇ ਵਿੱਚ ਮੋਟੇ-ਮੋਟੇ ਭਾਈ ਰਹਿੰਦੇ ਹਨ।" ਪੁੱਤਰ ਨੇ ਅਖ਼ਬਾਰ ਪੜ੍ਹਦੇ ਆਪਣੇ ਪਿਤਾ ਨੂੰ ਪੁੱਛਿਆ।" ਪੁੱਤਰ ਉਹ ਰਿਸ਼ਵਤਖੋਰ ਸਮਗਲਰ ਬਲੈਕੀਏ ਅਤੇ ਲੁਟੇਰੇ ਹਨ। ਲੋਕਾਂ ਦਾ ਲਹੂ ਪੀਂਦੇ ਹਨ।" "ਪਾਪਾ ਜੀ ਉਹ ਲੋਕਾਂ ਦਾ ਲਹੂ ਪੀਂਦੇ ਕਰਕੇ ਐਨੇ ਮੋਟੇ ਹਨ।" "ਹਾਂ ਪੁੱਤਰ।"

"ਪਾਪਾ ਜੀ, ਇਹ ਅਖ਼ਬਾਰ ਫੜ੍ਹਾਇਓ ਆਹ ਵੇਖੋ ਪੁਲਿਸ ਨੇ ਪੰਜ ਲੁਟੇਰੇ ਫੜੇ ਹਨ ਇਹ ਤਾਂ ਕੰਮਜ਼ੋਰ ਲਿਸੜ ਦੁਬਲੇ ਪਤਲੇ ਜਹੇ ਹਨ, ਜਿੰਨ੍ਹਾ ਨੇ ਇਹ ਫੜੇ ਹਨ ਉਹ ਕਿੰਨੇ ਮੋਟੇ-ਮੋਟੇ ਹਨ। ਪਾਪਾ ਜੀ, ਫਿਰ ਇਹਨਾਂ 'ਚੋਂ ਕਿਹੜੇ ਲੁਟੇਰੇ ਹੋਏ?" ਪਿਤਾ ਦਾ ਮੂੰਹ ਅੱਡਿਆ ਰਹਿ ਗਿਆ ਸੀ। ਪੁੱਤਰ ਬੜੀ ਬੇਸਬਰੀ ਅਤੇ ਹੈਰਾਨੀ ਨਾਲ ਆਪਣੇ ਪ੍ਰਸ਼ਨ ਦਾ ਉੱਤਰ ਉਡੀਕ ਰਿਹਾ ਸੀ।

*(ਅਜੀਤ ਅਖ਼ਬਾਰ : 2.5.2003)*

# ਛੁੱਟੀ

ਸੱਥ ਵਿੱਚ ਬੈਠਾ ਦੇਸਾ ਆਪਣੇ ਮਿੱਤਰ ਫੱਤੂ ਨੂੰ ਪੁੱਛ ਰਿਹਾ ਸੀ ਕਿ, "ਅੱਜ ਸਕੂਲ ਛੁੱਟੀ ਕਿਹੜੀ ਗੱਲੋਂ ਹੋ ਗਈ ਹੈ। ਫੱਤੂ ਨੇ ਦੱਸਿਆ ਕਿ "ਦਸਵੀਂ ਜਮਾਤ ਦਾ ਨਤੀਜਾ ਵਧੀਆ ਆਇਆ ਕਰਕੇ ਛੁੱਟੀ ਕੀਤੀ ਗਈ ਹੈ।" "ਨਾ ਤੇਰਾ ਮੁੰਡਾ ਪਾਸ ਏ?" "ਨਹੀਂ" ਨਾ ਹੀ ਮੇਰਾ ਮੁੰਡਾ ਪਾਸ ਏ। ਫਿਰ ਨਤੀਜਾ ਕਿਵੇਂ ਵਧੀਆ ਹੋਇਆ। ਕੱਲ੍ਹ ਨੂੰ ਆਪਾਂ ਹੈਡਮਾਸਟਰ ਨੂੰ ਪੁੱਛੀਏ ਤਾਂ ਸਹੀ ਕਿ ਕਿਸ ਖੁਸ਼ੀ ਵਿੱਚ ਛੁੱਟੀ ਕੀਤੀ ਏ?" ਦੂਸਰੇ ਦਿਨ ਦੋਨੋਂ ਜਾਣੇ ਹੈਡਮਾਸਟਰ ਨੂੰ ਪੁੱਛਣ ਲੱਗੇ, "ਹੈਡਮਾਸਟਰ ਸਾਹਿਬ ਕੱਲ੍ਹ ਛੁੱਟੀ ਕਿਸ ਗੱਲ ਦੀ ਕੀਤੀ ਸੀ?" "ਤੁਹਾਨੂੰ ਨਹੀਂ ਪਤਾ ਕਿ ਆਪਣੇ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਬਹੁਤ ਵਧੀਆ ਆਇਆ ਹੈ।" ਸਾਡੇ ਤਾਂ ਦੋਨਾਂ ਦੇ ਜੁਆਕ ਫੇਲ੍ਹ ਨੇ ਨਤੀਜਾ ਕਿਵੇਂ ਵਧੀਆ ਹੋਇਆ।" "ਤੂੰ ਕਿੰਨਾ ਪੜ੍ਹਿਆ ਹੋਇਆਂ ਏ?" "ਜੀ ਸੱਤ ਜਮਾਤਾਂ" "ਚੱਲ ਤੈਨੂੰ ਸਮਝਾ ਦੇਨਾ ਤੂੰ ਇਸਨੂੰ ਵੀ ਸਮਝਾ ਦੇਵੀਂ। ਪਿਛਲੇ ਸਾਲ ਆਪਣੇ ਦਸਵੀਂ ਜਮਾਤ ਦੇ 20 ਬੱਚੇ ਫੇਲ੍ਹ ਸਨ। ਇਸ ਵੇਰ ਸਿਰਫ 15 ਬੱਚੇ ਫੇਲ੍ਹ ਹਨ। ਹੁਣ ਤੂੰ ਆਪ ਹੀ ਦੱਸ ਨਤੀਜਾ ਘਟੀਆ ਹੋਇਆ ਕਿ ਵਧੀਆ" "ਜੀ ਵਧੀਆ" "ਛੁੱਟੀ ਕਰਨ ਦਾ ਹੱਕ ਬਣਦਾ ਹੈ ਕਿ ਨਹੀਂ?" "ਜ਼ਰੂਰ ਹੱਕ ਬਣਦਾ ਜੀ", ਹੈਡਮਾਸਟਰ ਸਾਹਿਬ ਤੁਸੀਂ ਏਹਦਾ ਗੁੱਸਾ ਨਾ ਕਰਿਓ ਇਹ ਅਨਪੜ੍ਹ ਹੈ ਮੈਂ ਆਪੇ ਸਮਝਾ ਦੇਵਾਂਗਾ।"

*(ਨਵਾਂ ਜ਼ਮਾਨਾ : 21-10-2001)*



# ਸੈਂਸਰ ਬੋਰਡ

ਇੱਕ ਬਿਲਕੁਲ ਅਸਲੋਂ ਨਵਾਂ ਬਣਿਆ ਗਾਇਕ ਥੋੜ੍ਹਾ ਚਿਰ ਪਹਿਲਾਂ ਬਣੇ ਗਾਇਕ ਨਾਲ ਗੱਲਾਂ ਕਰ ਰਿਹਾ ਸੀ ਕਿ, "ਇਹ ਸੈਂਸਰ ਬੋਰਡ ਕੀ ਹੈ? ਜੀਹਦਾ ਅੱਜ ਕੱਲ੍ਹ ਬੜਾ ਚਰਚਾ ਹੈ।" "ਇਹ ਗੀਤ ਪਾਸ ਕਰਨ ਕਰਨ ਵਾਲੀ ਇੱਕ ਕਮੇਟੀ ਹੋਵੇਗੀ ਜਿਹੜੀ ਚੰਗੇ-ਚੰਗੇ ਮਿਆਰੀ ਗੀਤ ਪਾਸ ਕਰਿਆ ਕਰੂ, ਬੱਸ ਉਹੀ ਗੀਤ ਆਪਾਂ ਗਾਇਆ ਕਰਾਂਗੇ।" "ਨਾ ਜਿਹੜੇ ਗਾਇਕ ਅਖਬਾਰਾਂ ਵਿੱਚ ਅੱਜ ਏਹਦਾ ਐਨਾ ਸਵਾਗਤ ਕਰਦੇ ਹਨ ਉਹਨਾਂ 'ਚੋਂ ਬਹੁਤਿਆਂ ਨੇ ਅਸ਼ਲੀਲ ਗੀਤ ਗਾ ਕੇ ਨਾਲੇ ਤਾਂ ਨਾਂ ਕਮਾ ਲਿਆ ਹੈ ਅਤੇ ਨਾਲ਼ੇ ਨਾਮਾਂ। ਅੱਜ ਕਿਹੜੇ ਮੂੰਹ ਨਾਲ ਇਸਦਾ ਸਵਾਗਤ ਕਰਦੇ ਹਨ।" "ਜਦੋਂ ਆਪਣੀ ਵਾਰੀ ਆਈ ਸੈਂਸਰ ਬੋਰਡ ਬਣਨ ਦੀਆਂ ਗੱਲਾਂ ਹੋਣ ਲੱਗ ਪਈਆਂ, "ਉਹ ਕਿਉਂ ਘਬਰਾਈ ਜਾਨਾਂ। ਪਹਿਲੀ ਗੱਲ ਤਾਂ ਬੋਰਡ ਬਣਨਾ ਹੀ ਨਹੀਂ। ਜੇ ਬਣ ਵੀ ਗਿਆ ਤਾਂ ਨਵੇਂ ਗਾਇਕ ਸਮਝ ਲਿਆ ਕਰਨਗੇ ਆਪਣੇ ਕੋਲੋਂ ਕਰਵਾਈ ਕੈਸਿਟ ਤੇ ਦਸ ਹਜ਼ਾਰ ਵੱਧ ਖਰਚ ਹੋ ਗਿਆ। ਪੁਰਾਣੇ ਗਾਇਕ ਦਾ ਇਹੀ ਖਰਚ ਕੰਪਨੀਆਂ ਕਰ ਦਿਆ ਕਰਨਗੀਆਂ।" "ਇਹ ਕਿਵੇਂ?" "ਫਿਲਮਾਂ ਦਾ ਸੈਂਸਰ ਬੋਰਡ ਬਣਿਆ ਹੋਇਆ ਹੈ ਨਾ।" "ਹਾਂ" "ਬੱਸ ਫਿਰ ਵੇਖ ਕਿਹੋ ਜਿਹੀਆਂ ਘਟੀਆ ਗੈਰਮਿਆਰੀ ਅਤੇ ਅਸ਼ਲੀਲ ਫਿਲਮਾਂ ਵੇਖਣ ਨੂੰ ਮਿਲ ਰਹੀਆਂ ਹਨ। ਏਸੇ ਤਰ੍ਹਾਂ ਇਹ ਬੋਰਡ ਵੀ ਭਾਰਤੀ ਆਦਮੀਆਂ ਦਾ ਹੀ ਹੋਵੇਗਾ। ਤੂੰ ਘਬਰਾਅ ਨਾ।" ਨਵਾਂ ਗਾਇਕ ਪੁਰਾਣੇ ਗਾਇਕ ਦੀਆਂ ਗੱਲਾਂ ਸੁਣ ਕੇ ਪੂਰੀ ਤਰ੍ਹਾਂ ਬਾਗ਼ੋ ਬਾਗ਼ ਹੋ ਗਿਆ ਸੀ ਜੋ ਕਿ ਪਹਿਲਾਂ ਬੇਹੱਦ ਉਦਾਸ ਸੀ। ਨਵਾਂ ਗਾਇਕ ਦੂਜੇ ਗਾਇਕ ਨੂੰ ਆਖ ਰਿਹਾ ਸੀ। "ਤੂੰ ਤਾਂ ਯਾਰ ਗਾਇਕ ਦੀ ਥਾਂ ਵਕੀਲ ਚਾਹੀਦਾ ਸੀ।" ਹੁਣ ਦੋਨੋਂ ਜਾਣੇ ਜ਼ੋਰ ਦੀ ਠਹਾਕਾ ਮਾਰ ਕੇ ਹੱਸ ਰਹੇ ਸਨ। ਇੰਝ ਲੱਗ ਰਿਹਾ ਸੀ ਜਿਵੇਂ ਬਣਨ ਵਾਲੇ ਸੈਂਸਰ ਬੋਰਡ ਦਾ ਮਜ਼ਾਕ ਉਡਾ ਰਹੇ ਹੋਣ।

*(ਅਜੀਤ ਅਖਬਾਰ : 14.10.2001)*

# ਆਤਮ ਹੱਤਿਆ

ਸਾਰੇ ਪਿੰਡ ਵਿੱਚ ਫੌਜੀ ਬਲਕਾਰ ਸਿੰਘ ਦੇ ਆਤਮ ਹੱਤਿਆ ਕਰ ਲੈਣ ਦੀ ਬੜੀ ਚਰਚਾ ਸੀ। ਜਿੰਨੇ ਮੂੰਹ ਓਨੀਆਂ ਗੱਲਾਂ ਕਰ ਰਹੇ ਸਨ। ਭੋਗ 'ਤੇ ਵੀ ਸਾਰੇ ਬੁਲਾਰਿਆਂ ਨੇ ਦੱਬਵੀਂ ਜੀਭ ਨਾਲ ਆਤਮ ਹੱਤਿਆ ਕਰਨ ਦੀ ਨਿਖੇਧੀ ਕੀਤੀ। ਇਸਨੂੰ ਬੁਜ਼ਦਿਲਾਂ, ਡਰਪੋਕਾਂ ਅਤੇ ਕਮਜ਼ੋਰਾਂ ਦੀ ਮੌਤ ਦੱਸਿਆ। ਸਭ ਤੋਂ ਆਖਰ ਦੇ ਵਿੱਚ ਉੱਘੇ ਵਿਦਵਾਨ ਜਸਦੇਵ ਸਿੰਘ ਲਲਤੋਂ ਦੀ ਵਾਰੀ ਸੀ। ਉਸਨੇ ਦੱਸਿਆ ਕਿ, "1965 ਅਤੇ 1971 ਦੀ ਹਿੰਦ ਪਾਕਿ ਜੰਗ ਵਿੱਚ ਬਹਾਦਰੀ ਦੇ ਕਾਰਨਾਮੇਂ ਕਰਕੇ ਭਾਰਤ ਸਰਕਾਰ ਤੋਂ ਐਨਾ ਮਾਣ ਸਨਮਾਨ ਹਾਸਲ ਕਰਨ ਵਾਲਾ ਫੌਜ਼ੀ ਬਲਕਾਰ ਸਿੰਘ ਨੇ ਅੱਜ ਆਤਮ ਹੱਤਿਆ ਕੀਤੀ ਤਾਂ ਕਿਉਂ? ਇਸਦੇ ਕਾਰਨ ਸਾਰੇ ਪਿੰਡ ਨੂੰ ਚੰਗੀ ਤਰ੍ਹਾਂ ਪਤਾ ਹਨ, ਕਿ ਕਿਵੇਂ ਉਸਦੇ ਸ਼ਰੀਕਾਂ ਨੇ ਪੈਸੇ ਦੇ ਜ਼ੋਰ, ਹੈਂਕੜ ਅਤੇ ਹੰਕਾਰ ਨਾਲ ਉਸਦਾ ਬਣਦਾ ਹੱਕ ਅਤੇ ਹਿੱਸਾ ਨੱਪਿਆ ਹੋਇਆ ਸੀ। ਪਿੰਡ ਵਾਲੇ ਦੱਸਣ ਕਿ ਉਹ ਕਿਸ ਪੰਚ ਸਰਪੰਚ ਅਤੇ ਮੋਹਤਬਰ ਬੰਦੇ ਕੋਲ਼ ਨਹੀਂ ਗਿਆ। ਗਰੀਬ ਕਰਕੇ ਕਿਸੇ ਨੇ ਉਸਦੀ ਇੱਕ ਨਾ ਸੁਣੀ। ਤੁਸੀਂ ਉਸਨੂੰ ਉਸਦਾ ਹੱਕ ਤਾਂ ਕੀ ਦਿਵਾਉਣਾ ਸੀ, ਤੁਸੀਂ ਲੋਕ ਫੋਕੀ ਹਮਦਰਦੀ ਵੀ ਨਹੀਂ ਜਿਤਾ ਸਕੇ। ਐਨੀ ਲੰਬੀ ਲੜਾਈ ਉਸਨੇ ਇਕੱਲੇ ਨੇ ਲੜੀ ਹੈ। ਕੁਝ ਖਾਸ ਮਜ਼ਬੂਰੀਆਂ ਤੇ ਕਾਰਨਾਂ ਕਰਕੇ ਤਾਂ ਕਈ ਵੇਰ ਫੌਜ਼ਾਂ ਵੀ ਹਥਿਆਰ ਸੁੱਟ ਦੇਂਦੀਆਂ ਹਨ। ਤੁਸੀਂ ਅੱਜ ਕਿਹੜੇ ਮੂੰਹ ਨਾਲ ਉਸ ਮਹਾਨ ਤੇ ਦਲੇਰ ਫੌਜ਼ੀ ਨੂੰ ਬੁਜ਼ਦਿਲ ਤੇ ਡਰਪੋਕ ਦੱਸ ਰਹੇ ਹੋ। ਬੁਜ਼ਦਿਲ ਤੇ ਡਰਪੋਕ ਤਾਂ ਤੁਸੀਂ ਹੋ ਜੋ ਹੱਕ ਸੱਚ ਇਨਸਾਫ਼ ਦੀ ਗੱਲ ਨਹੀਂ ਕਰ ਸਕੇ। ਤੁਸੀਂ ਉਸ ਮਹਾਨ ਫੌਜ਼ੀ ਦੇ ਕਾਤਲ ਹੋ ਜਿੰਨ੍ਹਾਂ ਨੇ ਉਸਨੂੰ ਮਾਨਸਿਕ ਰੋਗੀ ਕਰਕੇ ਮਰਨ ਲਈ ਮਜ਼ਬੂਰ ਕਰ ਦਿੱਤਾ।" ਆਖਰੀ ਬੁਲਾਰੇ ਦੀ ਜੁਅਰਤ, ਹਿੰਮਤ ਅਤੇ ਸੱਚ ਕਹਿਣ ਦੀ ਦਲੇਰੀ ਦੀ ਸਾਰੀ ਸੰਗਤ ਦਾਦ ਦੇ ਰਹੀ ਸੀ। ਜੋ ਲੋਕ ਪਿਛਲੇ ਦਸ ਦਿਨ ਤੋਂ ਇਸ ਮੌਤ ਨੂੰ ਆਤਮ ਹੱਤਿਆ ਕਹਿ ਰਹੇ ਸਨ ਹੁਣ ਕਤਲ ਮੰਨ ਰਹੇ ਸਨ।



# ਸਿੱਖਿਆ

"ਬੇਟੀ ਤੂੰ ਜੁਆਨ ਹੋ ਗਈ ਏਂ ਹੁਣ, ਤੂੰ ਸਵੇਰ ਤੋਂ ਕਾਲਜ ਜਾਣਾ ਸ਼ੁਰੂ ਕਰਨਾ ਹੈ। ਤੈਨੂੰ ਇਹ ਵੀ ਪਤਾ ਹੈ ਕਿ ਤੇਰਾ ਕਾਲਜ ਕੋ-ਐਜੂਕੇਸ਼ਨ ਹੈ।" ਮਾਂ ਰਸੋਈ ਵਿੱਚ ਕੋਲ ਖੜ੍ਹੀ ਆਪਣੀ ਨੌਜਵਾਨ ਧੀ ਨੂੰ ਕਾਲਜ ਜਾਣ ਤੋਂ ਪਹਿਲਾਂ ਸਿੱਖਿਆ ਦੇ ਰਹੀ ਸੀ।

"ਵੇਖ ਤੇਰੇ ਪਾਪਾ ਜੀ ਦੀ ਕਿੰਨੀ ਇੱਜ਼ਤ ਹੈ। ਆਪਣਾ ਕਿੰਨਾ ਉੱਚਾ ਖਾਨਦਾਨ ਹੈ। ਤੇਰੇ ਬਾਬਾ ਜੀ ਸਾਰੀ ਉਮਰ ਸਰਬ-ਸੰਮਤੀ ਨਾਲ ਪਿੰਡ ਦੇ ਸਰਪੰਚ ਬਣਦੇ ਰਹੇ ਹਨ।" ਮੰਮੀ ਦੀ ਇਹ ਗੱਲ ਅਜੇ ਵਿਚਾਲੇ ਹੀ ਸੀ ਤਾਂ ਵਿੱਚੋਂ ਟੋਕ ਕੇ ਬੇਟੀ ਕਹਿੰਦੀ, "ਮੰਮੀ ਜੀ ਜਦੋਂ ਤੁਸੀਂ ਪਾਪਾ ਜੀ ਨਾਲ ਲਵ-ਮੈਰਿਜ ਕਰਵਾਈ ਸੀ, ਉਦੋਂ ਬਾਬਾ ਜੀ ਸਰਪੰਚ ਨਹੀਂ ਸਨ ਨਾਲੇ ਮੰਮੀ ਜੀ ਤੁਹਾਡਾ ਲਵ ਤਾਂ ਵਿਆਹ ਤੋਂ ਪਹਿਲਾਂ ਹੀ ਹੋਵੇਗਾ।" ਬੇਟੀ ਦੀ ਗੱਲ ਸੁਣ ਕੇ ਮੰਮੀ ਸੁੰਨ ਹੋ ਗਈ। ਪੱਥਰ ਬਣ ਗਈ ਸੀ। ਰੋਟੀ ਦਾ ਪੇੜਾ ਹੱਥੋਂ ਡਿੱਗ ਚੁੱਕਾ ਸੀ। ਇੰਝ ਲੱਗ ਰਿਹਾ ਸੀ ਜਿਵੇਂ ਬਣੀ ਬਣਾਈ ਰਸੋਈ ਉਹਦੇ ਉੱਤੇ ਡਿੱਗ ਰਹੀ ਹੋਵੇ। ਬੇਟੀ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਉਸਨੂੰ ਅਸਿੱਖਿਆ ਲੱਗੀ।

# ਸਨਮਾਨ

ਸਾਹਿਤ ਸਭਾ ਦਾ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਬਾਹਰੋਂ ਆਇਆ ਇੱਕ ਸਾਹਿਤਕਾਰ ਪ੍ਰਬੰਧਕ ਨਵਤੇਜ ਮੋਹੀ ਨੂੰ ਪਰ੍ਹੇ ਲਿਜਾਕੇ ਕਹਿੰਦਾ, "ਕਿ ਇੱਕ ਅੱਧਾ ਮੋਮੈਂਟੋ ਵਾਧੂ ਹੋਇਆ ਤਾਂ ਵੇਖ ਲੈਣਾ ਜੇ ਕਹੋ ਤਾਂ ਜਾਂਦਾ ਹੋਇਆ ਵਾਪਸ ਵੀ ਕਰ ਦੇਵਾਂਗਾ।" ਨਵਤੇਜ ਨੇ ਬਾਕੀ ਮੈਂਬਰਾਂ ਨਾਲ ਗੱਲ ਕੀਤੀ ਉਹ ਕਹਿੰਦੇ ਜਿਹੜੇ ਆਪਾਂ ਇੱਕ ਦੋ ਵੱਧ ਲਿਆਂਦੇ ਹਨ। ਉਹ ਅਜਿਹੇ ਲੋਕਾਂ ਲਈ ਹੀ ਹਨ। ਚਲੋ ਦੇ ਦੇਵਾਂਗੇ ਨਾਲੇ ਜਦੋਂ ਮੰਗ ਹੀ ਲਿਆ।

ਸਮਾਗਮ ਵਿੱਚ ਜਦੋਂ ਉਸਦਾ ਸਨਮਾਨ ਹੋਣ ਲੱਗਾ ਤਾਂ ਪਹਿਲਾਂ ਬੜੀ ਨਾਂਹ ਨੁੱਕਰ ਕੀਤੀ ਕਿ ਮੈਂ ਇਸਦੇ ਯੋਗ ਨਹੀਂ। ਤੁਸੀਂ ਐਨਾ ਧੱਕਾ ਨਾ ਕਰੋ। ਤੁਸੀਂ ਕਹਿਤਾ ਮੇਰਾ ਸਨਮਾਨ ਹੋ ਗਿਆ। ਨਾਲੇ ਹੌਲ਼ੀ-ਹੌਲ਼ੀ ਮੋਮੈਂਟੋ ਵੱਲ ਵੱਧ ਰਿਹਾ ਸੀ। ਸਭਾ ਦੇ ਮੈਂਬਰਾਂ ਦੇ ਥੋੜ੍ਹਾ ਜਿਹਾ ਹੋਰ ਕਹਿਣ ਤੇ ਉਸਨੇ ਮੋਮੈਂਟੋ ਫੜ੍ਹ ਲਿਆ। ਲੱਗ ਪਿਆ ਪੋਜ ਬਣਾ ਕੇ ਵਿੰਗੀਆਂ ਟੇਢੀਆਂ ਤਸਵੀਰਾਂ ਖਿਚਵਾਉਣ। ਸਭਾ ਦੇ ਸਾਰੇ ਮੈਂਬਰਾਂ ਨੂੰ ਪਤਾ ਸੀ ਕਿ ਇਸਨੇ ਮੋਮੈਂਟੋ ਮੰਗ ਕੇ ਲਿਆ ਹੈ। ਉਹਨਾਂ ਨੇ ਮਜ਼ਾਕ ਨਾਲ ਜ਼ੋਰਦਾਰ ਤਾੜੀ ਮਾਰ ਦਿੱਤੀ ਤਾਂ ਉਹ ਸਾਹਿਤਕਾਰ ਮੋਮੈਂਟੋ ਨੂੰ ਆਪਣੇ ਸਿਰ ਉੱਪਰ ਰੱਖ ਕੇ ਬੜੇ ਮਾਣ ਨਾਲ ਹੱਥ ਹਿਲਾ ਕੇ ਸਰੋਤਿਆਂ ਵਲੋਂ ਮਿਲੇ ਝੂਠੇ ਪਿਆਰ ਸਤਿਕਾਰ ਨੂੰ ਬੜਾ ਖੁਸ਼ ਹੋ ਕੇ ਕਬੂਲ ਕਰ ਰਿਹਾ ਸੀ।



# ਫਰਕ

ਪਿੰਡ ਦੇ ਗੁਰਦੁਆਰਾ ਸਾਹਿਬ ਦੀ ਚੋਣ ਉਪਰੰਤ ਗਿਆਨੀ ਜਗਜੀਤ ਸਿੰਘ ਜੱਗਾ ਸਿੰਘ ਖਜ਼ਾਨਚੀ ਰੋਸ ਵਜੋਂ ਉਠ ਕੇ ਆਪਣੇ ਘਰ ਚਲਿਆ ਗਿਆ ਸੀ। ਸਭ ਪਿੰਡ ਵਾਸੀ ਹੈਰਾਨ ਸਨ। ਅਖੀਰ ਫੈਸਲਾ ਹੋਇਆ ਕਿ ਜਗਜੀਤ ਸਿੰਘ ਬਿਨਾਂ ਕੰਮ ਨਹੀਂ ਚੱਲਣਾ, ਚਲੋ ਘਰ ਜਾ ਕੇ ਪਤਾ ਕਰੀਏ ਕੀ ਗੱਲ ਹੈ। ਉਸਦਾ ਰੋਸ ਦੂਰ ਕਰੀਏ। ਪਿੰਡ ਦੇ ਪਤਵੰਤੇ ਉਸਦੇ ਘਰ ਚਲੇ ਗਏ। ਉਸਨੂੰ ਬੇਨਤੀ ਕੀਤੀ ਕਿ "ਤੁਸੀਂ ਪਹਿਲੇ ਵੀ ਗੁਰਦੁਆਰਾ ਸਾਹਿਬ ਬੜੀ ਸੇਵਾ ਕੀਤੀ ਹੈ, ਕੁਝ ਸਮੇਂ ਲਈ ਹੋਰ ਸੇਵਾ ਨਿਭਾਓ।" ਜਗਜੀਤ ਸਿੰਘ ਬੋਲਿਆ, "ਪਹਿਲਾਂ ਇਹ ਦੱਸੋ ਕਿ ਸਾਡੇ ਗੁਰੂਆਂ ਨੇ ਪਵਿੱਤਰ ਬਾਣੀ ਰਾਹੀਂ ਕਿਹੋ ਜਿਹੀ ਕਿਰਤ ਕਮਾਈ ਦੀ ਗੱਲ ਕੀਤੀ ਹੈ? ਉਹਨਾਂ ਨੇ ਸਾਨੂੰ ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਕਮਾਈ ਕਰਨ ਬਾਰੇ ਸਿੱਖਿਆ ਦਿੱਤੀ ਹੈ। ਪਰ ਅਫਸੋਸ ਦੀ ਗੱਲ ਹੈ ਕਿ ਤੁਸੀਂ ਅੱਜ ਸਾਰੀ ਉਮਰ ਲੋਕਾਂ ਦਾ ਲਹੂ ਪੀਣ ਵਾਲਾ, ਪਾਪਾਂ ਦੀ ਕਮਾਈ ਕਰਨ ਵਾਲਾ, ਮੋਟੀਆਂ ਰਿਸ਼ਵਤਾਂ ਲੈਣ ਵਾਲਾ ਇੱਕ ਨਕੰਮਾ ਜਿਹਾ ਆਦਮੀ ਸਿਰਫ਼ ਅਮੀਰ ਕਰਕੇ ਹੀ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਬਣਾ ਦਿੱਤਾ। ਏਥੇ ਅਮੀਰੀ ਨਹੀਂ ਫਕੀਰੀ ਚਾਹੀਦੀ ਹੈ। ਭਾਈ ਸਾਹਿਬ ਮੇਰੀ ਸੋਚ ਤੇ ਉਸ ਸ਼ੈਤਾਨ ਦੀ ਸੋਚ ਵਿੱਚ ਢੇਰ ਸਾਰਾ ਫਰਕ ਹੈ। ਇਸ ਕਰਕੇ ਅਸੀਂ ਇਕੱਠੇ ਕੰਮ ਨਹੀਂ ਕਰ ਸਕਦੇ। ਫਰਕ ਵੀ ਥੋੜ੍ਹਾ ਨਹੀਂ, ਜ਼ਮੀਨ ਅਸਮਾਨ ਦਾ ਫ਼ਰਕ ਹੈ।" ਪਤਵੰਤੇ ਸੱਜਣ ਉਦਾਸ ਹੋ ਕੇ ਆਪਣੇ ਘਰਾਂ ਨੂੰ ਪਰਤ ਗਏ ਸਨ ਅਤੇ ਆਪਣੇ ਵੱਲੋਂ ਕਾਹਲੀ ਵਿੱਚ ਲਏ ਫੈਸਲੇ ਤੇ ਬੁਰੀ ਤਰ੍ਹਾਂ ਪਛਤਾਅ ਰਹੇ ਸਨ।

*(ਅਜੀਤ : 2.12.2001)*

# ਮਾਂ

ਜਦੋਂ ਅਚਾਨਕ ਸਵੇਰੇ ਸੁਵਖਤੇ ਬਿਜਲੀ ਵਾਲਿਆਂ ਨੇ ਬਿਜਲੀ ਦੀ ਚੈਕਿੰਗ ਸਬੰਧੀ ਇੱਕ ਘਰ ਦੇ ਦਰਵਾਜ਼ੇ ਅੱਗੇ ਦਸਤਕ ਦਿੱਤੀ ਤਾਂ ਘਰੋਂ 70-75 ਸਾਲ ਦੀ ਬੁੱਢੀ ਮਾਈ ਨੇ ਦਰਵਾਜ਼ਾ ਖੋਲ੍ਹਣ ਸਾਰ ਪੁੱਛਿਆ ਕਿ "ਭਾਈ ਕੀ ਕੰਮ ਏ?" ਅੱਗੋਂ ਬਿਜਲੀ ਵਾਲੇ ਇਕੱਠੇ ਬੋਲੇ, "ਮਾਂ ਅਸੀਂ ਬਿਜਲੀ ਵਾਲੇ ਹਾਂ ਮੀਟਰ ਵੇਖਣਾ ਹੈ।" ਮਾਈ ਬੋਲੀ, "ਭਾਈ ਮੇਰੇ ਬੁੜ੍ਹੀ ਮਾਨੀ ਦੇ ਘਰ ਤੁਹਾਡਾ ਕੀ ਕੰਮ? ਜਿੰਨਾ ਚਿਰ ਘਰ ਕੋਈ ਬੰਦਾ ਨਹੀਂ, ਮੈਂ ਤਾਂ ਓਪਰੇ ਬੰਦੇ ਨੂੰ ਘਰ ਨਹੀਂ ਵੜਨ ਦੇਣਾ।" "ਮਾਂ ਅਸੀਂ ਕੋਈ ਚੋਰ ਲੁਟੇਰੇ ਥੋੜ੍ਹੇ ਆਂ ਬਈ ਕੋਈ ਤੇਰੀ ਚੀਜ਼ ਚੁੱਕ ਲਵਾਂਗੇ।" ਇਹ ਕਹਿ ਕੇ ਅੰਦਰ ਵੜ ਗਏ। ਜਦੋਂ ਮੀਟਰ ਕੋਲ ਗਏ ਮੀਟਰ ਬੰਦ ਸੀ। ਕੁੰਡੀ ਲੱਗੀ ਹੋਈ ਸੀ। "ਮਾਂ ਏਧਰ ਆ, ਇਹ ਕੀ ਗੱਲ ਏ?" "ਹੈ ਜਾ ਵੱਢੀ ਦੇ। ਅੱਗੇ ਚੰਗੇ ਭਲੇ ਤਾਰਾਂ ਲਾਹਕੇ ਜਾਂਦੇ ਨੇ ਅੱਜ ਉਹਨਾਂ ਨੂੰ ਕੀ ਹੋ ਗਿਆ? ਚਲੋ ਕੋਈ ਗੱਲ ਨਹੀਂ ਪੁੱਤ। ਤੁਸੀਂ ਮੈਨੂੰ ਮਾਂ ਆਖਿਆ, ਤੁਸੀਂ ਵੀ ਮੇਰੇ ਪੁੱਤਰਾਂ ਵਰਗੇ ਹੋ। ਤੁਸੀਂ ਆਪੇ ਠੀਕ ਕਰ ਲਵੋ।" "ਮਾਂ ਇਹ ਤਾਂ ਜੁਰਮਾਨਾ ਭਰਨਾ ਪਵੇਗਾ।" "ਪੁੱਤ ਕਦੇ ਮਾਵਾਂ ਨੂੰ ਪੁੱਤਰ ਜੁਰਮਾਨਾ ਕਰਦੇ ਸੁਣੇ ਨੇ। ਮੈਂ ਪੁੱਤ ਤੁਹਾਡੇ ਵਾਸਤੇ ਚਾਹ ਲਿਆਉਨੀ ਆਂ। ਕਿੰਨੀ ਠੰਡ ਵਿੱਚ ਮੇਰੇ ਪੁੱਤਰ ਫਿਰ ਰਹੇ ਨੇ।" ਮਾਂ ਨੇ ਝੱਟ ਚਾਹ ਲਿਆ ਕੇ ਉਹਨਾਂ ਅੱਗੇ ਰੱਖ ਦਿੱਤੀ। ਹੁਣ ਬਿਜਲੀ ਵਾਲੇ ਕਦੇ ਚਾਹ ਦੇ ਕੱਪ ਵੱਲ, ਕਦੇ ਮੀਟਰ ਵੱਲ ਅਤੇ ਕਦੇ ਮਾਂ ਵੱਲ ਵੇਖ ਰਹੇ ਸਨ। ਟੀਮ ਦੀ ਅਗਵਾਈ ਕਰਦੇ ਜੇ. ਈ. ਸਮਸ਼ੇਰ ਸਿੰਘ ਬਰਾੜ ਬੇਹੱਦ ਉਦਾਸ ਹੋ ਗਏ ਸਨ ਕਿਉਂਕਿ ਕੁਝ ਦਿਨ ਪਹਿਲਾਂ ਹੀ ਉਸਦੀ ਮਾਂ ਦੀ ਮੌਤ ਹੋਈ ਸੀ। ਮਾਂ ਮਰਨ ਤੋਂ ਬਾਅਦ ਪਹਿਲੀ ਵੇਰ ਕਿਸੇ ਨੇ ਪੁੱਤ ਆਖ ਕੇ ਬੁਲਾਇਆ ਸੀ। ਚਾਹ ਪੀਣ ਉਪਰੰਤ ਜੇ. ਈ. ਸਾਹਿਬ ਬਾਹਰ ਆ ਕੇ ਆਪਣੇ ਸਾਥੀਆਂ ਨੂੰ ਕਹਿਣ ਲੱਗੇ, "ਜੁਰਮਾਨਾ ਜ਼ਰੂਰ ਹੋਵੇਗਾ। ਮਾਂ ਨੂੰ ਨਹੀਂ ਮੈਂ ਆਪਣੀ ਜੇਬ ਵਿਚੋਂ ਭਰਾਂਗਾ।"

*(ਅਜੀਤ : 2.12.2001)*

(ਉਪਰੋਕਤ ਕਹਾਣੀ ਅੰਤਰ ਰਾਸ਼ਟਰੀ ਪੰਜਾਬੀ ਮਿੰਨੀ ਕਹਾਣੀ ਮੰਚ ਮੋਗਾ ਵੱਲੋਂ ਸਾਲ 2003 ਵਿੱਚ ਕਰਵਾਏ ਗਏ ਮੁਕਾਬਲੇ ਸਮੇਂ ਪਹਿਲੇ ਸਥਾਨ 'ਤੇ ਰਹੀ।)



# ਅਫਸੋਸ

ਪ੍ਰਿੰਸੀਪਲ ਪਵਿੱਤਰ ਸਿੰਘ ਆਪਣੇ ਬਾਪ ਦੇ ਭੋਗ ਤੋਂ ਬਾਅਦ ਕਈ ਦਿਨਾਂ ਬਾਅਦ ਸਕੂਲ ਵਿੱਚ ਆਏ ਸਨ। ਪ੍ਰਾਰਥਨਾ ਤੋਂ ਬਾਅਦ ਸਾਰੇ ਸਟਾਫ਼ ਮੈਂਬਰਾਂ ਨੇ ਵੇਖਿਆ ਕਿ ਪ੍ਰਿੰਸੀਪਲ ਸਾਹਿਬ ਕਾਫ਼ੀ ਉਦਾਸ ਹਨ, ਚਲੋ ਆਪਾਂ ਹੌਂਸਲਾ ਦੇ ਆਈਏ। ਸਾਰੇ ਇਕੱਠੇ ਹੋ ਕੇ ਦਫ਼ਤਰ ਵਿੱਚ ਆ ਗਏ। ਗਿਆਨੀ ਮਾਸਟਰ ਜੀ ਨੇ ਗੱਲ ਤੋਰੀ ਕਿ, "ਪ੍ਰਿੰਸੀਪਲ ਸਾਹਿਬ ਬਜ਼ੁਰਗਾਂ ਦੀ ਤਾਂ ਸਦਾ ਹੀ ਲੋੜ ਰਹਿੰਦੀ ਏ। ਤੁਹਾਡੇ ਪਿਤਾ ਜੀ ਦੀ ਮੌਤ ਦਾ ਸਾਨੂੰ ਸਾਰੇ ਸਟਾਫ਼ ਨੂੰ ਵੀ ਬੜਾ ਅਫਸੋਸ ਹੈ। ਪਰ ਤੁਸੀਂ ਸਿਆਣੇ ਹੋ, ਤੁਹਾਨੂੰ ਤਾਂ ਸਮਝਾਉਂਦੇ ਅਸੀਂ ਚੰਗੇ ਨਹੀਂ ਲੱਗਦੇ। ਹੁਣ ਤੁਸੀਂ ਹੌਂਸਲਾ ਕਰੋ, ਉਹਨਾਂ ਦੀ ਆਪਣੇ ਨਾਲ ਸਾਂਝ ਹੀ ਏਨੀ ਸੀ।" "ਭਾਈ ਸਾਹਿਬ ਅਫਸੋਸ ਵਾਲੀ ਕੋਈ ਗੱਲ ਨਹੀਂ, ਅਕਸਰ 95 ਸਾਲ ਦੀ ਉਮਰ ਸੀ, ਕਿਸੇ ਚੀਜ਼ ਦੀ ਕੋਈ ਹੱਦ ਵੀ ਹੁੰਦੀ ਹੈ। ਮੈਨੂੰ ਤਾਂ ਇਸ ਗੱਲ ਦਾ ਦੁੱਖ ਹੈ ਕਿ ਤੁਸੀਂ ਪਿਛਲੇ ਦਸ ਦਿਨ ਤੋਂ ਮੇਰੇ ਘਰ ਵਾਰੀ-ਵਾਰੀ ਸਕੂਲ ਸਮੇਂ ਵਿੱਚ ਹੀ ਅਫਸੋਸ ਕਰਨ ਆਏ, ਪਰ ਹਾਜ਼ਰੀ ਰਜਿਸਟਰ ਤੇ ਕਿਸੇ ਵੀ ਅਧਿਆਪਕ ਦੀ ਅੱਧੀ ਜਾਂ ਪੂਰੀ ਜਾਂ ਇੱਕ ਵਟੇ ਤਿੰਨ ਛੁੱਟੀ ਨਹੀਂ ਭਰੀ ਹੋਈ। ਤੁਸੀਂ ਮੇਰੇ ਘਰ ਫਰਲੋ ਮਾਰ ਕੇ ਡਿਊਟੀ ਤੋਂ ਕੁਤਾਹੀ ਕਰਕੇ ਅਤੇ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਕੇ ਅਫਸੋਸ ਕਰਨ ਆਏ, ਬੇਹੱਦ ਦੁੱਖ ਦੀ ਗੱਲ ਹੈ। ਮੈਂ ਬਹੁਤ ਪ੍ਰੇਸ਼ਾਨ ਹਾਂ। ਮੈਨੂੰ ਹੋਰ ਪ੍ਰੇਸ਼ਾਨ ਨਾ ਕਰੋ। ਬੱਚਿਆਂ ਦਾ ਪਹਿਲਾਂ ਹੀ ਬੜਾ ਨੁਕਸਾਨ ਕਰ ਚੁੱਕੇ ਹੋ, ਹੋਰ ਨਾ ਕਰੋ। ਜਾਓ ਆਪਣੀਆਂ ਜਮਾਤਾਂ ਵਿੱਚ ਜਾਓ।" ਅਧਿਆਪਕ ਇਕੱਲੇ-ਇਕੱਲੇ ਹੋ ਕੇ ਆਪਣੀਆਂ ਜਮਾਤਾਂ ਵੱਲ ਇੰਝ ਜਾ ਰਹੇ ਸਨ ਜਿਵੇਂ ਪ੍ਰਿੰਸੀਪਲ ਦੇ ਨਹੀਂ ਬਲਕਿ ਉਹਨਾਂ ਦੇ ਪਿਓ ਦੀ ਮੌਤ ਹੋਈ ਹੋਵੇ।

# ਸ਼ਰੀਕ

ਲੰਬੜਦਾਰਾਂ ਦੀ ਨੂੰਹ ਪਿਛਲੇ ਛੇ ਮਹੀਨੇ ਤੋਂ ਬੀਮਾਰ ਚੱਲੀ ਆ ਰਹੀ ਸੀ। ਉਹਨੂੰ ਆਪਣਾ ਮਰ ਚੁੱਕਿਆ ਜੇਠ ਵਿਖਾਈ ਦੇਂਦਾ ਸੀ। ਧਾਗੇ ਤਬੀਤ ਹੱਥ ਹਥੌਲੇ ਕਰਨ ਵਾਲੇ ਸਿਆਣਿਆਂ ਕੋਲੋਂ ਪੂਰੀ ਤਰ੍ਹਾਂ ਛਿੱਲ ਲੁਹਾ ਚੁੱਕੇ ਸਨ। ਪਰ ਭੋਰਾ ਵੀ ਫਰਕ ਨਾ ਪਿਆ, ਅਖੀਰ ਪਿੰਡ ਦੇ ਪੜ੍ਹੇ ਲਿਖੇ ਨੌਜਵਾਨ ਮਾ: ਜਗਜੀਤ ਸਿੰਘ ਜੱਗਾ ਨੇ ਤਰਕਸ਼ੀਲ ਇਕਾਈ ਕੋਲ ਜਾਣ ਲਈ ਕਿਹਾ। ਪੂਰੀ ਤਰ੍ਹਾਂ ਨਿਰਾਸ਼ ਘਰ ਵਾਲੇ ਤਰਕਸ਼ੀਲਾਂ ਕੋਲ ਗਏ। ਉਹਨਾਂ ਨੇ ਆਪਣੇ ਦੋ ਮੈਂਬਰਾਂ ਤੇਜਾ ਸਿੰਘ ਅਤੇ ਜਸਵੀਰ ਸਿੰਘ ਦੀ ਡਿਊਟੀ ਲਾਈ। ਉਹ ਪਿੰਡ ਲੰਬੜਦਾਰ ਦੇ ਘਰ ਗਏ। ਵੇਖਿਆ ਕਿ ਸਾਰਾ ਪਰਿਵਾਰ ਪੂਰੀ ਤਰ੍ਹਾਂ ਸਹਿਮਿਆ ਹੋਇਆ ਸੀ। ਨੂੰਹ ਵੇਹੜੇ ਵਿਚਕਾਰ ਭੁੰਜੇ ਹੀ ਡੌਰ ਭੌਰ ਹੋਈ ਬੈਠੀ ਸੀ। ਚਾਹ ਪਾਣੀ ਪੀਣ ਉਪਰੰਤ ਪਰਿਵਾਰ ਨੇ ਸੰਖੇਪ ਜਾਣਕਾਰੀ ਰਾਹੀਂ ਦੱਸਿਆ ਕਿ, "ਛੇ ਕੁ ਮਹੀਨੇ ਪਹਿਲਾਂ ਪਿੰਡ ਵਿੱਚ ਕਿਸੇ ਦੇ ਮਰਗ ਦੇ ਭੋਗ ਤੇ ਗਈ ਸੀ। ਬੱਸ ਉੱਥੋਂ ਹੀ ਬੀਮਾਰ ਹੋ ਕੇ ਆ ਗਈ। ਕਹਿੰਦੀ ਮੈਨੂੰ ਜੇਠ ਵਿਖਾਈ ਦੇਂਦਾ ਹੈ।"

ਤਰਕਸ਼ੀਲਾਂ ਨੇ ਪਰਿਵਾਰ ਦੀ ਸਹਿਮਤੀ ਨਾਲ ਉਸਨੂੰ ਹਿਪਨੋਟਾਈਜ਼ ਕਰਕੇ ਸਮੋਹਿਕ ਨੀਂਦ ਵਿੱਚ ਲਿਆਂਦਾ ਤਾਂ ਉਸਨੇ ਦੱਸਿਆ, "ਮੈਂ ਕੋਰੀ ਅਨਪੜ੍ਹ ਹਾਂ। ਮੇਰੇ ਮਾਂ ਬਾਪ ਵੀ ਕੋਰੇ ਅਨਪੜ੍ਹ ਸਨ। ਉਹਨਾਂ ਨੇ ਮੈਨੂੰ ਨਿੱਕੀ ਹੁੰਦੀ ਨੂੰ ਸ਼ਰੀਕ ਸ਼ਬਦ ਦੇ ਅਰਥ ਏਹੀ ਦੱਸੇ ਸਨ ਕਿ ਸ਼ਰੀਕ ਤਾਂ ਮਿੱਟੀ ਦਾ ਮਾਣ ਨਹੀਂ ਹੁੰਦਾ। ਸਿਰਫ਼ ਸੇਹਰੇ ਬੰਨ੍ਹ ਕੇ ਢੁਕਦਾ ਹੀ ਨਹੀਂ। ਹੋਰ ਸਭ ਕੁਝ ਕਰਦਾ ਹੈ, ਇਹਨੂੰ ਆਪਣਾ ਪੱਕਾ ਦੁਸ਼ਮਣ ਸਮਝੋ ਮੈਂ ਤਾਂ ਇਹਨਾਂ ਵਿਚਾਰਾਂ ਕਰਕੇ ਹੀ ਆਪਣੀ ਦੇਵੀਆਂ ਵਰਗੀ ਜੇਠਾਣੀ ਅਤੇ ਦੇਵਤਿਆਂ ਵਰਗੇ ਜੇਠ ਦੇ ਮਗਰ ਹੱਥ ਧੋ ਕੇ ਪੈ ਗਈ। ਮੈਂ ਆਪਣੇ ਲਾਈ-ਲੱਗ ਘਰ ਵਾਲੇ ਅਤੇ ਬਾਕੀ ਪਰਿਵਾਰ ਨੂੰ ਝੂਠੀਆਂ ਸੱਚੀਆਂ ਲਾ ਕੇ ਜੇਠ ਨੂੰ ਮਾਨਸਿਕ ਰੋਗੀ ਕਰਕੇ ਮਰਨ ਲਈ ਮਜ਼ਬੂਰ ਕਰਕੇ ਉਹਨਾਂ ਦਾ ਘਰ ਬੁਰੀ ਤਰ੍ਹਾਂ ਉਜਾੜ ਦਿੱਤਾ। ਛੇ



ਕੁ ਮਹੀਨੇ ਪਹਿਲਾਂ ਮੈਂ ਪਿੰਡ ਵਿੱਚ ਭੋਗ ਤੇ ਗਈ ਤਾਂ ਇਕੱਠ ਬੜਾ ਸੀ। ਬਹੁਤ ਸਾਰੇ ਬੁਲਾਰੇ ਬੋਲ ਰਹੇ ਸਨ। ਸੈਕਟਰੀ ਵਾਰ ਵਾਰ ਆਖ ਰਿਹਾ ਸੀ ਕਿ ਤੁਸੀਂ ਅੱਜ ਦੁੱਖ ਦੀ ਘੜੀ ਵਿੱਚ ਸ਼ਰੀਕ ਹੋਏ ਹੋ। ਮੈਂ ਪਰਿਵਾਰ ਵੱਲੋਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਨੂੰ ਪਾਪਣ ਨੂੰ ਤਾਂ ਜਦੋਂ ਸ਼ਰੀਕ ਸ਼ਬਦ ਦੇ ਸਹੀ ਅਰਥਾਂ ਦਾ ਪਤਾ ਲੱਗਿਆ ਕਿ ਸ਼ਰੀਕ ਤਾਂ ਦੁੱਖ ਸੁੱਖ ਵੰਡਾਉਣ ਵਾਲਾ ਹੁੰਦਾ ਹੈ। ਬਸ ਮੈਂ ਤਾਂ ਪਾਪਣ ਪਾਗ਼ਲ ਹੋ ਗਈ। ਦਿਲ 'ਚ ਸੋਚਿਆ ਕਿ ਜੇ ਮੇਰਾ ਜੇਠ ਮੈਨੂੰ ਮਿਲ ਪਵੇ ਮੈਂ ਪੈਰੀਂ ਚੁੰਨੀ ਰੱਖ ਕੇ ਆਪਣੀਆਂ ਭੁੱਲਾਂ ਬਖਸ਼ਾਵਾਂ ਅਤੇ ਹੱਥ ਜੋੜ ਕੇ ਮੁਆਫ਼ੀ ਮੰਗਾਂ। ਜਦੋਂ ਮੈਂ ਘਰ ਆਈ ਤਾਂ ਉਹ ਸਾਹਮਣੇ ਖੜ੍ਹਾ ਸੀ।" ਤਰਕਸ਼ੀਲ ਸਾਰਾ ਮਾਮਲਾ ਸਮਝ ਚੁੱਕੇ ਸਨ। ਉਹਨਾਂ ਨੇ ਉਸਾਰੂ ਸੁਝਾਅ ਦੇ ਕੇ ਜਦੋਂ ਉਸਨੂੰ ਆਮ ਹਾਲਤ ਵਿੱਚ ਲਿਆਂਦਾ ਤਾਂ ਨੂੰਹ ਨੌਂ-ਬਰ-ਨੌਂ ਸੀ। ਇਹ ਵੇਖ ਕੇ ਪੂਰਾ ਪਰਿਵਾਰ ਬਾਗ਼ੋ ਬਾਗ਼ ਸੀ।

# ਦਾਨੀ

ਸਕੂਲ ਵਿੱਚ ਬਹੁਤ ਵੱਡਾ ਇਕੱਠ ਸੀ। ਪਿੰਡ ਦੇ ਲੋਕ ਨਵੇਂ ਬਣਨ ਵਾਲੇ ਹਾਲ ਕਮਰੇ ਵਾਸਤੇ ਧੜਾ ਧੜ ਮਾਇਆ ਦਾਨ ਕਰ ਰਹੇ ਸਨ। ਸਟੇਜ ਸੈਕਟਰੀ ਨਾਲੋ ਨਾਲ ਕਿਸੇ ਨੂੰ ਦਾਨੀ ਅਤੇ ਕਿਸੇ ਨੂੰ ਮਹਾਨ ਦਾਨੀ ਆਖ ਕੇ ਵਡਿਆ ਰਿਹਾ ਸੀ। ਜਦੋਂ ਰੀਟਾਇਰਡ, ਥਾਣੇਦਾਰ ਘੁਮੰਡਾ ਸਿੰਘ ਨੇ ਸਭ ਤੋਂ ਵੱਧ ਪੈਸੇ ਦਿੱਤੇ ਤਾਂ ਸਟੇਜ ਸੈਕਟਰੀ ਨੇ ਬੜੇ ਜ਼ੋਰ ਸ਼ੋਰ ਨਾਲ ਉਸਨੂੰ ਮਹਾਨ ਦਾਨੀ ਕਹਿ ਕੇ ਵਡਿਆਉਣਾ ਸ਼ੁਰੂ ਕਰ ਦਿੱਤਾ। ਏਨੇ ਨੂੰ ਐਂਟੀ ਕੁਰੱਪਸ਼ਨ ਕਮੇਟੀ ਦਾ ਪ੍ਰਧਾਨ ਸਕੰਦਰ ਸਿੰਘ ਗਰੇਵਾਲ ਉਠ ਕੇ ਬੋਲ ਪਿਆ ਕਿ, "ਇਹ ਤਾਂ ਦਾਨੀ ਵੀ ਨਹੀਂ, ਤੂੰ ਮਹਾਨ ਦਾਨੀ ਕਿਵੇਂ ਆਖ ਦਿੱਤਾ।" ਸੈਕਟਰੀ ਦੇ ਬੋਲਣ ਤੋਂ ਪਹਿਲਾਂ ਹੀ ਥਾਣੇਦਾਰ ਦਾ ਇੱਕ ਹਮਾਇਤੀ ਬੋਲ ਪਿਆ ਕਿ ਸਭ ਤੋਂ ਵੱਧ ਪੈਸੇ ਦਿੱਤੇ ਹਨ, ਹੋਰ ਤੇਰੇ ਵਰਗਾ ਪੰਜ ਸੌ ਰੁਪਈਆ ਦੇਣ ਵਾਲਾ ਮਲੰਗ ਮਹਾਨ ਦਾਨੀ ਹੋਵੇਗਾ।"

"ਬਹਿਜਾ ਓਏ ਚਮਚਿਆ, ਮੂੰਹ ਬੰਦ ਕਰ" ਪ੍ਰਧਾਨ ਨੇ ਆਖਿਆ, "ਏਹਦੀ ਇਸ ਪਾਪਾਂ ਦੀ ਕਮਾਈ 'ਚੋਂ ਦਿੱਤੇ ਪੰਜ ਹਜ਼ਾਰ ਨਾਲੋਂ ਮੇਰੀ ਦਸਾਂ ਨਹੁੰਆਂ ਦੀ ਕਿਰਤ ਕਮਾਈ 'ਚੋਂ ਦਿੱਤਾ ਪੰਜ ਸੌ ਰੁਪਈਆ ਕਿਤੇ ਚੰਗਾ ਹੈ। ਮੈਨੂੰ ਸਾਰੀ ਸੰਗਤ ਦੱਸੇ ਕਿ ਸਾਰੀ ਉਮਰ ਇਸ ਸ਼ਖ਼ਸ਼ ਨੇ ਮੋਟੀਆਂ ਰਿਸ਼ਵਤਾਂ ਮੰਗ ਕੇ ਲੋਕਾਂ ਦਾ ਲਹੂ ਪੀਤਾ ਹੈ। ਜਿੰਨ੍ਹਾਂ ਲੋਕਾਂ ਨੇ ਰਿਸ਼ਵਤ ਦੇ ਦਿੱਤੀ ਗਲਤ ਕੰਮ ਵੀ ਠੀਕ ਕਰ ਦਿੱਤੇ। ਜਿਨ੍ਹਾਂ ਨੇ ਨਹੀਂ ਦਿੱਤੀ ਉਹਨਾਂ ਦੇ ਠੀਕ ਕੰਮ ਵੀ ਗਲਤ ਕਰਦਾ ਰਿਹਾ ਹੈ। ਪਵਿੱਤਰ ਬਾਣੀ ਨੇ ਵੀ ਪਾਪਾਂ ਦੀ ਕਮਾਈ ਕਰਨ ਵਾਲੇ ਨੂੰ ਪਾਪੀ ਆਖਿਆ। ਜੇ ਤੁਸੀਂ ਪਾਪੀ ਨੂੰ ਪਾਪੀ ਨਹੀਂ ਆਖ ਸਕਦੇ ਤਾਂ ਘੱਟੋ ਘੱਟ ਦਾਨੀ ਤਾਂ ਨਾ ਆਖੋ।" ਜਦੋਂ ਪ੍ਰਧਾਨ ਸਾਹਿਬ ਨੇ ਅਖੀਰਲੀ ਗੱਲ ਆਖੀ ਤਾਂ ਸਾਰਿਆਂ ਦੇ ਮੂੰਹ ਅੱਡੇ ਰਹਿ ਗਏ। ਉਸ ਨੇ ਦੱਸਿਆ ਕਿ, "ਭੀਖ ਮੰਗਣ ਵਾਲਾ ਭਿਖਾਰੀ ਜਾਂ ਮੰਗਤਾ ਤਾਂ ਹੋ ਸਕਦਾ ਦਾਨੀ ਹਰਗਿਜ਼ ਨਹੀਂ ਹੋ ਸਕਦਾ।" ਸਮੁੱਚੀ ਸੰਗਤ ਇਹ ਸੁਣ ਕੇ ਸੁੰਨ ਹੋ ਗਈ ਸੀ। ਸੰਗਤ ਦੇ ਮਜ਼ਬੂਰ ਕਰਨ ਤੇ ਸੈਕਟਰੀ ਸਾਹਿਬ ਨੇ ਆਪਣੇ ਸ਼ਬਦ ਵਾਪਸ ਲੈ ਕੇ ਮੁਆਫ਼ੀ ਮੰਗ ਕੇ ਆਪਣੀ ਜਾਨ ਛੁਡਾਈ।



# ਘਟੀਆ ਆਦਮੀ

ਉਹ ਬਾਹਰੋਂ, ਆਪਣੇ ਨਵੇਂ ਬਣੇ ਦੋਸਤ ਦੀ ਲੜਕੀ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਆਇਆ ਸੀ। ਆਉਣ ਸਾਰ ਉਸਨੇ ਆਪਣੇ ਦੋਸਤ ਨੂੰ ਪੁੱਛਿਆ ਕਿ 'ਤੁਸੀਂ ਕਿੰਨੇ ਭੈਣ ਭਾਈ ਹੋ?" ਦੂਸਰੇ ਦੋਸਤ ਨੇ ਦੱਸਿਆ ਕਿ, "ਮੇਰੇ ਤਿੰਨ ਭਰਾ ਅਤੇ ਦੋ ਭੈਣਾਂ ਹਨ।" "ਤੁਸੀਂ ਉਹਨਾਂ ਨੂੰ ਮੇਰੇ ਨਾਲ ਮਿਲਾਓ।" "ਉਹ ਅਜੇ ਆਏ ਨਹੀਂ।" ਇਹ ਲੋਕ ਕੌਣ ਨੇ?" "ਉਹ ਆਪਣੇ ਸਾਹਮਣੇ ਮੇਰਾ ਵੱਡਾ ਸਾਲਾ ਹੈ। ਉਹਦੇ ਨਾਲ ਜੋ ਖੜ੍ਹਾ ਹੈ ਉਹ ਛੋਟਾ ਸਾਲਾ ਹੈ। ਉਹ ਸਾਹਮਣੇ ਕੁਰਸੀਆਂ ਉੱਪਰ ਦੋਵੇਂ ਸਾਲੇ-ਹਾਰ ਬੈਠੀਆਂ ਹਨ। "ਇਹ ਜਿਹੜੇ ਨੱਚ ਟੱਪ ਰਹੇ ਹਨ, ਇਹ ਬੱਚੇ!" "ਇਹ ਬੱਚੇ ਵੀ ਇਹਨਾਂ ਦੇ ਹੀ ਹਨ।" ਬਰਾਤ ਆ ਜਾਣ ਤੇ ਅਨੰਦ ਕਾਰਜ ਸ਼ੁਰੂ ਹੋਣ ਤੋਂ ਪਹਿਲਾਂ ਉਸਨੇ ਫਿਰ ਆਪਣੇ ਦੋਸਤ ਨੂੰ ਪੁੱਛਿਆ ਕਿ "ਹੁਣ ਤਾਂ ਤੁਹਾਡੇ ਭੈਣ ਭਰਾ ਆ ਗਏ ਹੋਣਗੇ। ਮੇਰੇ ਨਾਲ ਮਿਲਾਓ।" ਉਸਨੇ ਦੱਸਿਆ ਕਿ ਮੈਂ ਸੱਦੇ ਸਨ ਉਹ ਆਏ ਨਹੀਂ।" ਏਨੇ ਨੂੰ ਉਹ ਸੂਝਵਾਨ ਆਦਮੀ ਪੁੱਛ ਪੁਛਾ ਕੇ ਉਸਦੇ ਭੈਣ ਭਰਾਵਾਂ ਦੇ ਘਰ ਚਲਾ ਗਿਆ। ਪੁੱਛਿਆ ਕਿ "ਤੁਸੀਂ ਵਿਆਹ ਵਿਚ ਸ਼ਾਮਲ ਕਿਉਂ ਨਹੀਂ ਹੋਏ? ਤਾਂ ਉਸਦੇ ਭਰਾਵਾਂ ਨੇ ਦੱਸਿਆ ਕਿ, "ਇਹ ਨਵਾਂ-ਨਵਾਂ ਅਮੀਰ ਹੋਇਆ ਹੈ। ਸਾਰੇ ਭੈਣ ਭਰਾਵਾਂ ਨੂੰ ਭੁੱਲ ਚੁੱਕਿਆ ਹੈ। ਭਾਂਡਾ ਛੋਟਾ ਸੀ ਭਰ ਜ਼ਿਆਦਾ ਗਿਆ। ਏਹਦੇ ਲਈ ਏਹਦੀ ਘਰ ਵਾਲੀ ਅਤੇ ਸਹੁਰਾ ਪਰਿਵਾਰ ਹੀ ਸਭ ਕੁਝ ਹੈ। ਅਸੀਂ ਇਸਦੇ ਕੀ ਲਗਦੇ ਹਾਂ।" "ਕੀ ਤੁਹਾਨੂੰ ਸੱਚ ਮੁੱਚ ਹੀ ਨਹੀਂ ਸੱਦਿਆ।" ਉਸ ਸੂਝਵਾਨ ਅਜਨਬੀ ਆਦਮੀ ਨੇ ਬੜੀ ਗੰਭੀਰਤਾ ਨਾਲ ਆਖਿਆ। "ਭਾਈ ਸਾਹਿਬ ਪ੍ਰਮਾਤਮਾ ਦੀ ਕਸਮ ਖਾ ਕੇ ਆਖਦੇ ਹਾਂ ਕਿ ਸਾਨੂੰ ਕਿਸੇ ਭੈਣ ਭਾਈ ਨੂੰ ਨਹੀਂ ਸੱਦਿਆ?" "ਓ ਮਾਈ ਗਾਡ ਵੈਰੀ ਸੌਰੀ" ਉਹ ਸ਼ਖ਼ਸ਼ ਪੂਰੇ ਦੁਖੀ ਮਨ ਨਾਲ ਬੁੜ ਬੁੜਾ ਰਿਹਾ ਸੀ ਕਿ ਮੈਂ ਕਾਹਲੀ ਵਿੱਚ ਬਿਨਾਂ ਸੋਚੇ ਸਮਝੇ ਐਡੇ ਘਟੀਆ ਆਦਮੀ ਨੂੰ ਆਪਣਾ ਮਿੱਤਰ ਬਣਾ ਬੈਠਾ ਹਾਂ। ਜਿਹੜਾ ਆਦਮੀ ਆਪਣੇ ਮਾਂ ਜਾਇਆਂ ਭੈਣ ਭਰਾਵਾਂ ਦਾ ਨਹੀਂ ਬਣਿਆ ਉਹ ਮੇਰਾ ਕਿਵੇਂ ਬਣ ਜਾਵੇਗਾ"। ਇੰਝ ਬੁੜ ਬੁੜਾਉਂਦਾ ਉਹ ਬਿਨਾਂ ਕੁਝ ਹੋਰ ਖਾਧੇ ਪੀਤੇ ਵਿਆਹ ਅੱਧ ਵਿਚਾਲਿਉਂ ਛੱਡ ਕੇ ਵਾਪਸ ਪਰਤ ਗਿਆ ਸੀ।

*(ਅਜੀਤ : 19.5.2002)*

## ਲੜੀਆਂ

ਗਿਆਨ ਕੌਰ ਨੇ ਆਪਣੀ ਗੁਆਂਢਣ ਨੂੰ ਪੁੱਛਿਆ ਕਿ "ਅੱਜ ਪਹਿਲੀ ਪਾਤਸ਼ਾਹੀ ਦਾ ਅਵਤਾਰ ਪੁਰਬ ਹੈ, ਤੁਸੀਂ ਲੜੀਆਂ ਕਿਉਂ ਨਹੀਂ ਲਾਈਆਂ? ਉਸਨੇ ਦੱਸਿਆ ਕਿ ਸਰਦਾਰ ਜੀ ਕੋਠੇ ਉੱਪਰ ਆ ਰਹੇ ਹਨ। ਇਸਦਾ ਜਵਾਬ ਉਹ ਵਧੀਆ ਢੰਗ ਨਾਲ ਦੇਣਗੇ।' ਏਨੇ ਚਿਰ ਨੂੰ ਸਰਦਾਰ ਜੀ ਵੀ ਕੋਠੇ ਉੱਪਰ ਆ ਗਏ। ਉਸਨੇ ਉਸਨੂੰ ਵੀ ਪੁੱਛ ਲਿਆ ਕਿ 'ਭਾਈ ਸਾਹਿਬ ਸਾਰੇ ਲੜੀਆਂ ਜਗ ਰਹੀਆਂ ਹਨ ਤੁਸੀਂ ਲੜੀਆਂ ਕਿਉਂ ਨਹੀਂ ਲਾਈਆਂ?" "ਤੁਹਾਨੂੰ ਪਤਾ ਤੁਹਾਡੇ ਦੇਸ਼ ਵਿੱਚ ਬਿਜਲੀ ਦਾ ਕਿੰਨਾ ਸੰਕਟ ਹੈ। ਤੁਹਾਨੂੰ ਇਹ ਗਿਆਨ ਵੀ ਹੋਵੇਗਾ ਕਿ ਦੀਵਾਲੀ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ ਇਹ ਲੜੀਆਂ ਲਾਹੀਆਂ ਹੀ ਨਹੀਂ ਹਰ ਰੋਜ਼ ਜਗਦੀਆਂ ਨੇ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਏਹਦੇ ਵਿਚੋਂ ਬਹੁਤੀਆਂ ਬਿਜਲੀ ਚੋਰੀ ਕਰਕੇ ਜਗਾਈਆਂ ਜਾ ਰਹੀਆਂ ਹਨ। ਅਜਿਹੀ ਠੱਗੀ ਠੋਰੀ ਜਾਂ ਚੋਰੀ ਨਾਲੋਂ ਦੋ ਮਿੱਟੀ ਦੇ ਦੀਵੇ ਜਗਾਏ ਲੱਖ ਦਰਜੇ ਚੰਗੇ ਹਨ। ਚਲੋ ਇਹ ਤਾਂ ਛੱਡੋ ਤੁਸੀਂ ਆਪਣੇ ਬੱਚਿਆਂ ਨੂੰ ਪਟਾਕੇ ਅਤੇ ਆਤਸ਼ਬਾਜ਼ੀ ਚਲਾਉਣ ਤੋਂ ਵੀ ਰੋਕਿਆ ਹੋਇਆ ਹੈ।" "ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਮਹਾਨ ਗੁਰੂ ਨੇ 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹੱਤੁ' ਦਾ ਉਪਦੇਸ਼ ਦਿੱਤਾ ਸੀ। ਅਸੀਂ ਅੱਜ ਪਵਣ ਭਾਵ ਪੌਣ (ਹਵਾ) ਨੂੰ ਅੰਧਾ ਧੁੰਦ ਪਟਾਕੇ ਅਤੇ ਆਤਸ਼ਬਾਜ਼ੀ ਨਾਲ ਪੂਰੀ ਤਰ੍ਹਾਂ ਗੰਦੀ ਕਰ ਰਹੇ ਹਾਂ। ਜਿਸਨੂੰ ਸਾਡੇ ਮਹਾਨ ਗੁਰੂ ਨੇ ਗੁਰੂ ਦਾ ਦਰਜ਼ਾ ਦਿੱਤਾ ਹੈ। ਉਸ ਮਹਾਨ ਗੁਰੂ ਦਾ ਅਵਤਾਰ ਪੁਰਵ ਮਨਾਉਣ ਦਾ ਇਹ ਕੈਸਾ ਢੰਗ ਹੈ ਕਿ ਉਹਨਾਂ ਦੇ ਉਪਦੇਸ਼ ਅਤੇ ਸਿੱਖਿਆਵਾਂ ਦੇ ਉਲਟ ਕੰਮ ਕਰੀਏ। ਉਹਨਾਂ ਨੇ ਵਿਚਾਰਾਂ ਦੀ ਰੋਸ਼ਨੀ ਨਾਲ ਕੂੜ ਦੀ ਧੁੰਦ ਚੁੱਕੀ ਸੀ ਨਾ ਕਿ ਤੁਹਾਡੇ ਵਾਂਗ ਬਿਜਲੀ ਚੋਰੀ ਕਰਕੇ ਜਗਾਈਆਂ ਲੜੀਆਂ ਨਾਲ।" ਹੁਣ ਗੁਆਂਢਣ ਨੂੰ ਆਪਣੇ ਗੁਆਂਢੀ ਦੀਆਂ ਸੱਚੀਆਂ ਤੇ ਖ਼ਰੀਆਂ-ਖ਼ਰੀਆਂ ਸੁਣ ਕੇ ਇੰਝ ਲੱਗ ਰਿਹਾ ਸੀ ਜਿਵੇਂ ਸਾਰੀਆਂ ਲੜੀਆਂ ਉਹਦੇ ਦੁਆਲੇ ਲਿਪਟ ਕੇ ਕਰੰਟ ਮਾਰ ਰਹੀਆਂ ਹੋਣ।

*(ਅਜੀਤ 16.62002)*



## ਸੇਵਾ

ਜੀਤੇ ਨੇ ਜਦੋਂ ਘਰ ਆ ਕੇ ਦੱਸਿਆ ਕਿ, "ਅੱਜ ਬਿਨਾਂ ਕਿਸੇ ਗਲਤੀ ਦੇ ਗਿਆਨੀ ਮਾਸਟਰ ਨੇ ਮੇਰੇ ਡੰਡੇ ਮਾਰੇ ਤਾਂ ਉਸਦੀ ਮਾਂ ਨੂੰ ਅੱਗ ਲੱਗ ਗਈ ਤਾਂ ਉਸਨੇ ਆਪਣੇ ਘਰ ਵਾਲੇ ਨੂੰ ਆਖਿਆ ਕਿ ਸਵੇਰੇ ਪੰਚਾਇਤ ਲੈ ਕੇ ਜਾ ਤੇ ਉਸਨੂੰ ਪੁੱਛ ਕਿ ਮੇਰੇ ਲੜਕੇ ਦਾ ਕੀ ਕਸੂਰ ਸੀ। ਇਸਨੂੰ ਕਿਉਂ ਐਨਾ ਕੁੱਟਿਆ। ਉਹ ਅਗਲੇ ਦਿਨ ਪੰਚਾਇਤ ਲੈ ਕੇ ਸਕੂਲ ਗਿਆ। ਪ੍ਰਾਰਥਨਾ ਹੋ ਕੇ ਹਟੀ ਸੀ। ਕੁਦਰਤੀ ਸਾਰੇ ਅਧਿਆਪਕ ਇਕੱਠੇ ਹੀ ਮਿਲ ਪਏ। ਸਰਪੰਚ ਸਾਹਿਬ ਨੇ ਹੈਡਮਾਸਟਰ ਨਾਲ ਗੱਲ ਤੋਰੀ ਕਿ, "ਤੁਹਾਡੇ ਗਿਆਨੀ ਮਾਸਟਰ ਨੇ ਕੱਲ੍ਹ ਇਸ ਬੱਚੇ ਨੂੰ ਐਨੇ ਡੰਡੇ ਮਾਰੇ ਅਸੀਂ ਉਲਾਮਾ ਲੈ ਕੇ ਨਹੀਂ ਆਏ। ਸਿਰਫ ਇਸਦਾ ਕਸੂਰ ਪੁੱਛਣ ਆਏ ਹਾਂ।" ਹੈਡਮਾਸਟਰ ਦੇ ਪੁੱਛਣ ਤੋਂ ਪਹਿਲਾਂ ਹੀ ਗਿਆਨੀ ਜੀ ਬੋਲ ਪਏ, "ਤੁਸੀਂ ਆਪਣੇ ਲਾਡਲੇ ਤੋਂ ਹੀ ਪੁੱਛ ਲੈਣਾ ਸੀ ਕਿ ਕੀ ਗੱਲ ਹੋਈ ਹੈ।" "ਅਸੀਂ ਇਸਨੂੰ ਪੁੱਛ ਲਿਆ। ਚਲੋ ਤੁਸੀਂ ਵੀ ਦੱਸ ਦੇਵੋ?" ਪੰਚਾਇਤ ਇਕੱਠੀ ਬੋਲੀ। "ਹੈਡਮਾਸਟਰ ਸਾਹਿਬ! ਕੱਲ੍ਹ ਮੈਂ ਇੱਕ ਕਹਾਣੀ ਪੜ੍ਹਾ ਰਿਹਾ ਸੀ। ਅਖੀਰ ਵਿੱਚ ਮੈਂ ਦੱਸਿਆ ਕਿ ਇਸ ਕਹਾਣੀ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ "ਮਾਂ ਬਾਪ ਦੀ ਸੇਵਾ ਕਰਨੀ ਚਾਹੀਦੀ ਹੈ।' ਇਹ ਜੀਤਾ ਨਾਲ ਦੇ ਮੁੰਡੇ ਨੂੰ ਕੂਹਣੀ ਮਾਰਕੇ ਕਹਿੰਦਾ ਕਿ ਆਪਣੇ ਗਿਆਨੀ ਜੀ ਨੇ ਆਪਣੇ ਮਾਂ ਬਾਪ ਦੀ ਛਿੱਤਰਾਂ ਨਾਲ ਖ਼ੂਬ ਸੇਵਾ ਕੀਤੀ। ਉਸ ਮੁੰਡੇ ਨੇ ਇਸਦੀ ਸ਼ਕਾਇਤ ਮੇਰੇ ਕੋਲ ਲਾ ਦਿੱਤੀ। ਤੁਸੀਂ ਹੁਣ ਆਪ ਹੀ ਦੱਸੋ ਕਿ ਅਜਿਹੇ ਮੁੰਡੇ ਦੇ ਕੁੱਟ ਪੈਣੀ ਚਾਹੀਦੀ ਹੈ ਜਾਂ ਕਿ ਨਹੀਂ?" ਸਾਰੀ ਪੰਚਾਇਤ ਫਿਰ ਇਕੱਠੀ ਬੋਲੀ, "ਮਾਸਟਰ ਜੀ ਇਸ ਬੱਚੇ ਨੇ ਜੇ ਸੱਚੀ ਗੱਲ ਆਖ ਦਿੱਤੀ ਤਾਂ ਕੀ ਤੂਫ਼ਾਨ ਆ ਗਿਆ। ਸਾਰਾ ਪਿੰਡ ਬਾਂ-ਬਾਂ ਕਰਦਾ ਹੈ ਕਿ ਇਸਨੇ ਬੱਚਿਆਂ ਨੂੰ ਕੀ ਸਿੱਖਿਆ ਦੇਣੀ ਹੈ ਜਿਹੜਾ ਆਪਣੇ ਐਨੇ ਚੰਗੇ ਮਾਂ ਬਾਪ ਨੂੰ ਛਿੱਤਰਾਂ ਨਾਲ ਕੁੱਟਦਾ ਹੈ। ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੈਨੂੰ ਕਿਵੇਂ ਸੁੱਖਾਂ ਸੁੱਖ ਕੇ ਲਿਆ ਹੈ ਐਨਾ ਔਖੇ ਹੋ ਕੇ ਪਾਲ਼ਿਆ ਹੈ। ਹੁਣ ਤੂੰ ਆਪ

ਹੀ ਦੱਸ ਤੇਰੇ ਪੜ੍ਹਾਏ ਬੱਚੇ ਮਾਂ ਬਾਪ ਦੀ ਕੀ ਸੇਵਾ ਕਰਨਗੇ। ਉਹ ਤਾਂ ਤੇਰੇ ਵਾਂਗ ਛਿੱਤਰ ਪਰੇਡ ਨਾਲ ਹੀ ਸੇਵਾ ਕਰਨਗੇ। ਮਾਸਟਰ ਜੀ ਤੁਸੀਂ ਆਪਣੀ ਕਹਿਣੀ ਕਰਨੀ ਇੱਕ ਕਰੋ, ਨਹੀਂ ਫਿਰ ਆਪਣੇ ਪਿੰਡ ਵਿੱਚ ਪੜ੍ਹਾਉਣ ਦੀ ਬਜਾਏ ਕਿਤੇ ਦੂਰ ਦੁਰਾਡੇ ਬਦਲੀ ਕਰਵਾਅ ਲਵੋ ਆਪਣੇ ਪਿੰਡ ਵਿੱਚ ਤਾਂ ਤੁਹਾਡੀਆਂ ਕਰਤੂਤਾਂ ਦਾ ਭਾਂਡਾ ਫੁੱਟ ਚੁੱਕਾ ਹੈ।" ਹੈਡਮਾਸਟਰ ਸਾਹਿਬ ਵਿਚੋਂ ਗੱਲ ਟੋਕ ਕੇ ਬੋਲੇ, "ਸਰਪੰਚ ਸਾਹਿਬ ਮੈਂ ਸਾਰੀ ਗੱਲ ਸੁਣ ਲਈ ਹੈ। ਇਸ ਗੁਸਤਾਖੀ ਲਈ ਮੈਂ ਤੁਹਾਥੋਂ ਮੁਆਫ਼ੀ ਮੰਗਦਾ ਹਾਂ। ਤੁਸੀਂ ਵੇਖ ਹੀ ਰਹੇ ਹੋ ਕਿ ਗਿਆਨੀ ਜੀ ਬੁਰੀ ਤਰ੍ਹਾਂ ਆਪਣੀ ਗਲਤੀ ਮਹਿਸੂਸ ਕਰ ਰਹੇ ਹਨ। ਤੁਸੀਂ ਠੀਕ ਆਖਿਆ ਹੈ ਕਿ ਅਧਿਆਪਕ ਦੀ ਕਹਿਣੀ ਕਰਨੀ ਇੱਕ ਹੋਣੀ ਚਾਹੀਦੀ ਹੈ ਤਾਂ ਹੀ ਬੱਚਿਆਂ ਉੱਪਰ ਵਧੀਆ ਅਸਰ ਪੈ ਸਕਦਾ ਹੈ।" ਗਿਆਨੀ ਜੀ ਆਪਣੀਆਂ ਦੋਵੇਂ ਗਲਤੀਆਂ ਦਾ ਨੀਵੀਂ ਪਾ ਕੇ ਪਛਤਾਵਾ ਕਰ ਰਿਹਾ ਸੀ ਅਤੇ ਸੋਚ ਰਿਹਾ ਸੀ ਕਿ ਮੈਂ ਤਾਂ ਬੜੇ ਪਰਦੇ ਨਾਲ ਬੁੜ੍ਹਾ ਬੁੜ੍ਹੀ ਕੁੱਟੇ ਸਨ ਪਰ ਸਾਰਾ ਜੱਗ ਮੇਰੇ ਸ਼ਰੇਆਮ ਛਿੱਤਰ ਮਾਰ ਰਿਹਾ ਹੈ।



# ਸੱਚ

"ਮੈਥੋਂ ਪਹਿਲਾਂ ਬੋਲਣ ਵਾਲੇ ਬੁਲਾਰੇ ਬਾਹਰੋਂ ਆਏ ਸਨ। ਮੈਂ ਇਸ ਪਿੰਡ ਦਾ ਰਹਿਣ ਵਾਲਾ ਹਾਂ। ਮੈਂ ਤਾਂ ਜ਼ਿੰਦਗੀ ਵਿੱਚ ਕਦੇ ਉਂਝ ਵੀ ਝੂਠ ਨਹੀਂ ਬੋਲਿਆ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਝੂਠ ਬੋਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿਰਫ ਜੋ ਬੋਲੂੰ ਸੱਚ ਬੋਲੂੰ ਸੱਚ ਦੇ ਸਵਾਏ ਕੁਝ ਨਹੀਂ ਬੋਲੂੰ। 'ਇਸ ਪਰਿਵਾਰ ਨੇ ਬਜ਼ੁਰਗ ਦੀ ਬਿਲਕੁਲ ਸੇਵਾ ਨਹੀਂ ਕੀਤੀ। ਉਹ ਬੁਢਾਪੇ ਵੇਲੇ ਬੁਰੀ ਤਰ੍ਹਾਂ ਰੁਲਿਆ ਹੈ ਜੋ ਕਿ ਨਹੀਂ ਹੋਣਾ ਚਾਹੀਦਾ ਸੀ। ਅੱਜ ਆਪਣੇ ਵੱਲੋਂ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਆਪਾਂ ਅੱਜ ਤੋਂ ਬਾਅਦ ਹੋਰ ਬਜ਼ੁਰਗਾਂ ਨੂੰ ਰੁਲਣ ਨਾ ਦੇਈਏ, ਤਨੋਂ ਮਨੋਂ ਧਨੋਂ ਬਜ਼ੁਰਗਾਂ ਦੀ ਸੇਵਾ ਕਰੀਏ। ਜੇ ਮੈਂ ਪਹਿਲੇ ਬੁਲਾਰਿਆਂ ਵਾਂਗ ਝੂਠ ਬੋਲਦਾ ਤਾਂ ਮੈਂ ਸੰਗਤ ਦੀ ਹਾਜ਼ਰੀ ਵਿੱਚ ਇੱਕ ਨਾ ਮੁਆਫ਼ ਕਰਨ ਯੋਗ ਗੁਨਾਹ ਕਰ ਰਿਹਾ ਹੁੰਦਾ ਅਤੇ ਆਉਣ ਵਾਲੇ ਸਮੇਂ ਹੋਰ ਬਜ਼ੁਰਗਾਂ ਨੂੰ ਵੀ ਰੋਲਣ ਦਾ ਭਾਗੀ ਹੁੰਦਾ। ਮੈਂ ਵੱਧ ਘੱਟ ਬੋਲੇ ਜਾਣ ਦੇ ਲਈ ਮੁਆਫ਼ੀ ਵੀ ਨਹੀਂ ਮੰਗਾਂਗਾ। ਜਿਵੇਂ ਪਹਿਲੇ ਬੁਲਾਰੇ ਝੂਠ ਬੋਲ ਕੇ ਮੁਆਫ਼ੀਆਂ ਮੰਗ ਰਹੇ ਸਨ। ਮੈਂ ਸੱਚ ਬੋਲਿਆ ਹੈ। ਸੱਚੇ ਨੂੰ ਮੁਆਫੀ ਮੰਗਣ ਦੀ ਕੋਈ ਲੋੜ ਨਹੀਂ।" ਸੁੱਚਾ ਸਿੰਘ ਅੰਤ ਵਿੱਚ ਫਤਹਿ ਬੁਲਾ ਕੇ ਆਪਣੀ ਥਾਂ 'ਤੇ ਬੈਠ ਗਿਆ ਸੀ। ਘਰ ਵਾਲਿਆਂ ਦੇ ਸਿਰ ਸੌ ਘੜਾ ਪਾਣੀ ਦਾ ਪੈ ਗਿਆ ਸੀ। ਸਿਰ ਸ਼ਰਮ ਨਾਲ ਝੁਕ ਗਏ ਸਨ। ਧਰਤੀ ਗਰਕਣ ਲਈ ਵੇਹਲ ਨਹੀਂ ਦੇ ਰਹੀ ਸੀ। ਪਰ ਬਾਕੀ ਸਾਰੀ ਸੰਗਤ ਸੁੱਚਾ ਸਿੰਘ ਦਾ ਸੱਚ ਸੁਣ ਕੇ ਅੰਦਰੋਂ ਪੂਰੀ ਤਰ੍ਹਾਂ ਬਾਗ਼ੋ-ਬਾਗ਼ ਸੀ।

# ਸਾਹਿਤਕ ਸਮਾਗਮ

"ਛੱਡ ਯਾਰ ਅੱਜ ਤੋਂ ਬਾਅਦ ਮੈਂ ਨਹੀਂ ਆਉਂਦਾ ਤੇਰੇ ਨਾਲ ਸਾਹਿਤਕ ਸਮਾਗਮ ਵੇਖਣ।" "ਕਿਉਂ ਕੀ ਗੱਲ ਚੰਗਾ ਨਹੀਂ ਲੱਗਿਆ?" ਲੇਖਕ ਨੇ ਹੈਰਾਨੀ ਨਾਲ ਪੁੱਛਿਆ। "ਪਹਿਲੀ ਗੱਲ ਤਾਂ ਤੇਰੇ ਲਗਦੇ ਵਿਦਵਾਨ ਲੇਖਕ ਪੁਸਤਕਾਂ ਉੱਪਰ ਪੇਪਰ ਜਿਹੇ ਕੀ ਪੜ੍ਹ ਰਹੇ ਸੀ। ਉਹਨਾਂ ਨੇ ਬੜਾ ਬੋਰ ਕੀਤਾ। ਏਹਨਾਂ ਨੂੰ ਕੋਈ ਪੁੱਛਣ ਵਾਲਾ ਹੋਵੇ ਭਲਿਓ-ਮਾਣਸੋ ਹੁਣ ਕਿਤਾਬ ਛਪ ਚੁੱਕੀ ਹੈ। ਹੁਣ ਇਸ ਤੇ ਕਿੰਤੂ ਪ੍ਰੰਤੂ ਕਰਨ ਦਾ ਕੀ ਫਾਇਦਾ। ਤੁਸੀਂ ਕਿਤਾਬ ਛਪਣ ਤੋਂ ਪਹਿਲਾਂ ਖਰੜੇ ਉੱਪਰ ਵਿਚਾਰ ਵਟਾਂਦਰਾ ਕਰੋ, ਜਿਸਦਾ ਲੇਖਕ ਅਤੇ ਸਮਾਜ ਨੂੰ ਕੋਈ ਫਾਇਦਾ ਹੋਵੇ। ਉਸ ਤੋਂ ਬਾਅਦ ਕਹਿੰਦੇ ਕਵੀ ਦਰਬਾਰ ਸ਼ੁਰੂ ਕਰ ਰਹੇ ਹਾਂ। ਉੱਥੇ ਵੀ ਤੇਰੇ ਲਗਦੇ ਡਾਕਟਰ ਸਾਹਿਬ, ਪ੍ਰਿੰਸੀਪਲ ਸਾਹਿਬ, ਪ੍ਰੋ. ਸਾਹਿਬ ਭਾਸ਼ਨ ਹੀ ਕਰੀ ਗਏ, ਮੇਰੇ ਤਾਂ ਪੱਲੇ ਕੁਝ ਨਹੀਂ ਪਿਆ। ਮੈਂ ਕਿਹਾ ਕਦੋਂ ਇਹ ਕੰਮ ਬੰਦ ਹੋਵੇ, ਘਰਾਂ ਨੂੰ ਚੱਲੀਏ। ਮਸਾਂ ਖਹਿੜਾ ਛੁੱਟਿਆ।" ਲੇਖਕ ਨੇ ਆਪਣੇ ਦੋਸਤ ਨੂੰ ਦੱਸਿਆ ਕਿ, "ਉਹ ਭਾਸ਼ਨ ਨਹੀਂ ਸੀ, ਉਹ ਕਵਿਤਾਵਾਂ ਸੁਣਾ ਰਹੇ ਸਨ।" "ਦੱਸ ਯਾਰ ਮੈਂ ਕਦੇ ਕਵਿਤਾ ਜਾਂ ਗੀਤ ਨਹੀਂ ਸੁਣੇ। ਉਹ ਤਾਂ ਭੂੰਘਾ ਜਿਹਾ ਭਾਸ਼ਨ ਹੀ ਸੀ।" "ਉਹ ਨਹੀਂ ਇਹਨੂੰ ਖੁੱਲ੍ਹੀ ਕਵਿਤਾ ਆਖਦੇ ਹਨ।" "ਅੱਛਾ ਮੈਨੂੰ ਫਿਰ ਇਹ ਦੱਸ ਕਿ ਤੁਹਾਡੀ ਖੁੱਲ੍ਹੀ ਕਵਿਤਾ ਤੇ ਭਾਸ਼ਨ ਵਿੱਚ ਕੀ ਫ਼ਰਕ ਹੈ? ਸੈਕਟਰੀ ਵਾਰ-ਵਾਰ ਆਖ ਰਿਹਾ ਸੀ। ਇਹ ਸਾਡੇ ਮਹਾਨ ਕਵੀ ਹਨ। ਇਹਨਾਂ ਦਾ ਕਲਾਮ ਸੁਣੋ। ਪੰਜਾਬ ਪਿੰਡਾਂ ਵਿੱਚ ਵਸਦਾ ਹੈ। ਕਿਸੇ ਪਿੰਡ ਵਾਸੀ ਨੂੰ ਆਪਣੇ ਮਹਾਨ ਲੇਖਕਾਂ ਦੇ ਨਾਂ ਪੁੱਛ ਲਵੀਂ ਕੋਈ ਦੱਸ ਗਿਆ ਆਖ ਦੇਵੀਂ। ਭਲਿਓ-ਮਾਣਸੋ ਜੇ ਆਮ ਲੋਕਾਂ ਲਈ ਲਿਖਦੇ ਹੋ ਤਾਂ ਆਮ ਸਰਲ ਸੌਖੀ ਅਤੇ ਠੇਠ ਬੋਲੀ ਵਿੱਚ ਲਿਖੋ। ਪਿੰਡਾਂ ਵਾਲੇ ਸਰਲ ਅਤੇ ਠੇਠ ਲਿਖਣ ਵਾਲੇ ਦੇਵ ਥਰੀਕੇ ਵਾਲੇ, ਹਸਨਪੁਰੀ ਅਤੇ ਮਰਾੜ੍ਹਾਂ ਵਾਲੇ ਮਾਨ ਨੂੰ ਜਾਣਦੇ ਹਨ। ਤੇਰੇ ਇਹਨਾਂ ਵੱਡੇ ਵਿਦਵਾਨਾਂ ਨੂੰ ਕੋਈ ਨਹੀਂ ਜਾਣਦਾ।" ਲੇਖਕ ਆਪਣੇ ਦੋਸਤ ਦੀਆਂ ਖਰੀਆਂ, ਸਿੱਧੀਆਂ, ਸਪੱਸ਼ਟ ਪਰ ਸੱਚੀਆਂ ਗੱਲਾਂ ਸੁਣ ਕੇ ਸੁੰਨ ਹੁੰਦਾ ਜਾ ਰਿਹਾ ਸੀ ਅਤੇ ਬੜੀ ਗੰਭੀਰਤਾ ਨਾਲ ਸੋਚ ਰਿਹਾ ਸੀ ਕਿ ਸੱਚਮੁੱਚ ਇਹ ਲੋਕ ਸਿਰਫ਼ ਤੇ ਸਿਰਫ਼ ਆਪਣੇ ਲਈ ਲਿਖਦੇ ਹਨ। ਆਮ ਲੋਕਾਂ ਲਈ ਨਹੀਂ।

*(ਅਜੀਤ : 4.8.2002)*



# ਇੱਜ਼ਤ

ਆਨੰਦ ਕਾਰਜ ਦੀ ਰਸਮ ਤੋਂ ਬਾਅਦ ਬਰਾਤ ਧਰਮਸ਼ਾਲਾ ਪੁੱਜ ਚੁੱਕੀ ਸੀ। ਮਿੰਟਾਂ-ਸਕਿੰਟਾਂ ਵਿੱਚ ਹੀ ਸਭ ਬਰਾਤੀਆਂ ਦੇ ਅੱਗੇ ਬੋਤਲਾਂ ਗਲਾਸ, ਪਕੌੜੇ ਅਤੇ ਸਲਾਦ ਪਹੁੰਚ ਚੁੱਕਿਆ ਸੀ। ਸਾਹਮਣੇ ਇੱਕ ਨੁੱਕਰੇ ਪਾਟੇ ਪੁਰਾਣਿਆਂ ਕੱਪੜਿਆਂ ਵਿੱਚ ਦੁਬਲੀ ਪਤਲੀ ਜਿਹੀ ਲੜਕੀ ਇੱਕ ਲੜਕੇ ਨਾਲ ਬੈਠੀ ਸੀ। ਲੜਕੇ ਦੇ ਕੋਲ ਢੋਲਕੀ ਫੜ੍ਹੀ ਹੋਈ ਸੀ। ਉਹ ਉਸ ਘੜੀ ਦੀ ਇੰਤਜ਼ਾਰ ਵਿੱਚ ਸਨ ਕਿ ਕਦੋਂ ਇਹਨਾਂ ਬਰਾਤੀਆਂ ਦੇ ਅੰਦਰ ਦੋ ਦੋ ਪੈੱਗ ਜਾਣ ਅਸੀਂ ਆਪਣਾ ਕੰਮ ਕਰੀਏ। ਜਿਹੜੇ ਬਰਾਤੀਆਂ ਨੇ ਪਹਿਲਾਂ ਉਸ ਗਰੀਬ ਜਿਹੀ ਜੋੜੀ ਨੂੰ ਵੇਖਕੇ ਵੀ ਅਣਡਿੱਠ ਕਰਨਾ ਆਪਣੀ ਇੱਜ਼ਤ ਸਮਝਿਆ ਸੀ ਉਹ ਹੁਣ ਘੁੱਟ ਪੀ ਕੇ ਲੜਕੀ ਨੂੰ ਲਲਚਾਈਆਂ ਅੱਖਾਂ ਨਾਲ ਵੇਖ ਕੇ ਨੱਚਣ ਗਾਉਣ ਦੇ ਇਸ਼ਾਰੇ ਕਰ ਰਹੇ ਸਨ। ਉਹ ਤਾਂ ਬਿਨਾਂ ਕਹਿਣ ਤੋਂ ਹੀ ਆਪਣਾ ਕੰਮ ਸ਼ੁਰੂ ਕਰਨ ਨੂੰ ਤਿਆਰ ਬੈਠੇ ਸਨ। ਢੋਲਕੀ ਦੀ ਤਾਲ ਉੱਤੇ ਉਸ ਲੜਕੀ ਨੇ ਅਸਲੋਂ ਲੱਚਰ ਪੰਜਾਬੀ ਗੀਤ ਗਾ ਕੇ ਨੱਚਣਾ ਸ਼ੁਰੂ ਕਰ ਦਿੱਤਾ। ਸਭ ਨੌਜਵਾਨ ਅਤੇ ਬੁੱਢੇ ਇੱਕ ਦੂਜੇ ਦੇ ਮੂਹਰੇ ਹੋ ਕੇ ਉਸ ਲਾਚਾਰ ਗਰੀਬ ਲੜਕੀ ਨਾਲ ਅਸ਼ਲੀਲ ਹਰਕਤਾਂ ਕਰਨ ਲੱਗੇ। ਜਿਵੇਂ ਉਹਨਾਂ ਦੇ ਘਰ ਆਪਣੀਆਂ ਧੀਆਂ ਭੈਣਾਂ ਹੀ ਨਾ ਹੋਣ। ਬਰਾਤ ਵਿੱਚ ਇੱਕ ਨੁੱਕਰੇ ਬੈਠਾ ਲੇਖਕ ਜਸਵੀਰ ਭਲੂਰੀਆ ਸਭ ਕੁਝ ਵੇਖ ਰਿਹਾ ਸੀ। ਅਖੀਰ ਉਸ ਤੋਂ ਰਿਹਾ ਨਾ ਗਿਆ। ਉਸਨੇ ਉਸ ਗਰੀਬ ਜੋੜੀ ਨੂੰ ਇਸ਼ਾਰਾ ਕਰਕੇ ਆਪਣੇ ਕੋਲ ਬੁਲਾ ਲਿਆ। ਉਹ ਲੜਕੀ ਕੋਲ ਆਉਣ ਸਾਰ ਹੀ ਕਹਿੰਦੀ, 'ਬਹੁਤ ਵੱਡਾ ਸਰਦਾਰ ਲੱਗਦਾ ਏਂ ਤੂੰ ਵੀ ਕੁਝ ਦੇ ਛੱਡ।" ਲੇਖਕ ਬੋਲਿਆ ਕਿ, "ਤੇਰੇ ਨਾਲ ਬਰਾਤੀ ਕਿੰਨੀਆਂ ਕੋਝੀਆਂ ਹਰਕਤਾਂ ਕਰਦੇ ਹਨ ਤੂੰ ਇਹਨਾਂ ਨੂੰ ਰੋਕਦੀ ਕਿਉਂ ਨਹੀਂ? ਤੁਸੀਂ ਦੱਸਿਆ ਕਰੋ ਅਸੀਂ ਵੀ ਇਨਸਾਨ ਹਾਂ। ਸਾਡੀ ਵੀ ਕੋਈ ਇੱਜ਼ਤ ਹੈ।" ਉਹ ਲੜਕੀ ਬੋਲੀ, "ਭਾਈ ਸਾਹਿਬ ਜਿੱਥੇ ਗੋਡੇ ਗੋਡੇ ਗਰੀਬੀ ਹੋਵੇ ਉੱਥੇ ਇੱਜ਼ਤ ਨਹੀਂ ਰਹਿੰਦੀ।" ਲੇਖਕ ਨੇ ਪੁੱਛਿਆ, "ਇਹ ਲੜਕਾ ਕੌਣ ਹੈ?" ਉਸ ਲੜਕੀ

ਨੇ ਦੱਸਿਆ ਕਿ ਇਹ ਮੇਰੇ ਘਰ ਵਾਲਾ ਹੈ। ਲੇਖਕ ਨੇ ਹੈਰਾਨ ਹੋ ਕੇ ਪੁੱਛਿਆ ਕਿ, "ਤੂੰ ਯਾਰ ਇਹ ਸਭ ਕੁਝ ਕਿਵੇਂ ਬਰਦਾਸ਼ਤ ਕਰਦਾ ਏਂ?" ਉਸਦੇ ਬੋਲਣ ਤੋਂ ਪਹਿਲਾਂ ਹੀ ਉਹ ਲੜਕੀ ਬੋਲ ਪਈ, "ਪਹਿਲਾਂ ਇਹ ਬੁਰਾ ਮਨਾਉਂਦਾ ਸੀ, ਹੁਣ ਤਾਂ ਜੇ ਬਰਾਤੀ ਨਾ ਛੇੜਨ ਇਹ ਆਪ ਆਖ ਦੇਂਦਾ ਕਿ ਤੂੰ ਆਪ ਛੇੜ ਲਿਆ ਕਰ।" ਇਹਨਾਂ ਬੋਲਾਂ ਨੇ ਲੇਖਕ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਹ ਇੱਕ ਪਾਸੇ ਗਰੀਬੀ, ਲਾਚਾਰੀ ਅਤੇ ਮਜ਼ਬੂਰੀ ਵਿੱਚ ਇੱਜ਼ਤ ਰੁਲਦੀ ਵੇਖ ਰਿਹਾ ਸੀ। ਦੂਸਰੇ ਪਾਸੇ ਚਿੱਟੀਆਂ ਬੀਬੀਆਂ ਦਾੜ੍ਹੀਆਂ ਘੁੱਟ ਪੀ ਕੇ ਆਪਣੀ ਇੱਜ਼ਤ ਨੂੰ ਰੋਲ਼ ਰਹੀਆਂ ਸਨ। ਤੀਜੇ ਜਦੋਂ ਲੇਖਕ ਨੇ ਸਾਹਮਣੇ ਪਏ ਅਖਬਾਰ ਤੇ ਨਜ਼ਰ ਮਾਰੀ ਤਾਂ ਸਰਕਾਰ ਨੇ ਇਹ ਕਹਿ ਕੇ ਆਪਣੀ ਫੋਕੀ ਇੱਜ਼ਤ ਬਣਾਈ ਹੋਈ ਸੀ ਕਿ ਅਸੀਂ ਇਸ ਵੇਰ ਤਰੱਕੀ, ਵਿਕਾਸ ਅਤੇ ਖੁਸ਼ਹਾਲੀ ਨੂੰ ਮੁੱਦਾ ਬਣਾ ਕੇ ਵੋਟਾਂ ਮੰਗਾਂਗੇ।

*(ਅਜੀਤ : 3.8.2003)*



# ਭਵਿੱਖ ਬਾਣੀ

ਵੱਡੇ ਸਿਆਸਤਦਾਨ ਦਾ ਪੁੱਤਰ ਛੋਟਾ ਸਿਆਸਤਦਾਨ ਚੋਣਾਂ ਵਿੱਚ ਹਾਰ ਚੁੱਕੇ ਆਪਣੇ ਪਿਤਾ ਜੀ ਨੂੰ ਆਖ ਰਿਹਾ ਸੀ ਕਿ "ਪਾਪਾ ਜੀ ਆਪਾਂ ਉਹਨਾਂ ਸਾਧਾਂ ਨਾਲ ਗੱਲ ਕਰੀਏ ਜਿੰਨ੍ਹਾਂ ਮੋਟਾ ਚੜ੍ਹਾਵਾ ਲੈਕੇ ਭਵਿੱਖਬਾਣੀ ਕੀਤੀ ਸੀ ਕਿ ਤੁਹਾਨੂੰ ਕੋਈ ਹਰਾ ਨਹੀਂ ਸਕਦਾ।" "ਪੁੱਤਰਾ ਇਹਨਾਂ ਸਾਧਾਂ ਨੇ ਤਾਂ ਟੋਟਲ ਚੋਣ ਲੜਨ ਵਾਲਿਆਂ ਤੋਂ ਮੋਟੇ ਚੜ੍ਹਾਵੇ ਲੈ ਕੇ ਸਾਰਿਆਂ ਨੂੰ ਜਿੱਤਣ ਦੀ ਭਵਿੱਖ ਬਾਣੀ ਕੀਤੀ ਹੋਊ।" "ਪਾਪਾ ਜੀ ਇਹਨਾਂ ਦੇ ਪਰਦੇਫਾਸ਼ ਹੋਣੇ ਚਾਹੀਦੇ ਹਨ। ਪੁੱਤਰਾ ਜੇ ਇਹਨਾਂ ਦੇ ਪਰਦੇਫਾਸ਼ ਕੀਤੇ ਤਾਂ ਆਉਂਦੀ ਚੋਣ ਵੀ ਹਰਾ ਦੇਣਗੇ, ਕਿਉਂਕ ਇਹਨਾਂ ਦੇ ਦੁਆਲੇ ਅੰਧਵਿਸ਼ਵਾਸੀ ਲੋਕਾਂ ਦੇ ਵੱਡੇ-ਵੱਡੇ ਟੋਲੇ ਘੁੰਮ ਰਹੇ ਹਨ। ਉਹ ਇਹਨਾਂ ਦੇ ਆਖੇ ਵੋਟ ਤਾਂ ਕੀ ਜਾਨ ਦੇਣ ਨੂੰ ਤਿਆਰ ਰਹਿੰਦੇ ਹਨ।" "ਪਾਪਾ ਜੀ ਇਹਦਾ ਮਤਲਬ ਇਹ ਜਿਵੇਂ ਮਰਜ਼ੀ ਲੋਕਾਂ ਨੂੰ ਗੁਮਰਾਹ ਕਰੀ ਜਾਣ।" "ਜੇ ਪੁੱਤਰਾਂ ਤੈਨੂੰ ਲੋਕਾਂ ਦੇ ਰਾਹ ਪਾਉਣ ਦਾ ਜ਼ਿਆਦਾ ਫ਼ਿਕਰ ਹੈ ਤਾਂ ਸਿਆਸਤ ਛੱਡਕੇ ਤਰਕਸ਼ੀਲ ਬਣਜਾ, ਪਰ ਇਹ ਵੇਖਲੈ ਫਿਰ ਕੁਰਸੀ ਅਤੇ ਝੰਡੀ ਵਾਲੀ ਕਾਰ ਦੇ ਸੁਪਨੇ ਵੀ ਛੱਡਣੇ ਪੈਣਗੇ।" ਪੁੱਤਰ ਇਕਦਮ ਚੁੱਪ ਹੋ ਗਿਆ ਸੀ।

*(ਅਜੀਤ : 2.3.2002)*

# ਸੇਵਾਮੁਕਤ ਥਾਣੇਦਾਰ

ਥਾਣੇਦਾਰ ਸਾਹਿਬ ਅੱਜ ਫਿਰ ਸ਼ਰਾਬ ਨਾਲ ਧੁੱਤ ਹੋ ਕੇ ਆਪਣੇ ਪਿੰਡ ਦੀਆਂ ਗਲੀਆਂ ਵਿੱਚ ਲਲਕਾਰੇ ਮਾਰਦਾ ਆ ਰਿਹਾ ਸੀ। ਆਖ ਰਿਹਾ ਸੀ, "ਨਿਕਲੋ ਕੋਈ ਮਾਈ ਦਾ ਲਾਲ ਥਾਣੇਦਾਰ ਗੱਬਰ ਸਿੰਘ ਜਾ ਰਿਹਾ ਹੈ।" ਜਦੋਂ ਭਜਨੇ ਅਮਲੀ ਦਾ ਘਰ ਲੰਘਣ ਲੱਗਾ ਤਾਂ ਪਹਿਲਾਂ ਹੀ ਤਾਕ 'ਚ ਖੜ੍ਹੇ ਭਜਨੇ ਅਮਲੀ ਨੇ ਅੱਡੀਆਂ ਚੁੱਕ ਕੇ ਦੋ ਡਾਂਗਾਂ ਜੜ ਦਿੱਤੀਆਂ। ਥਾਣੇਦਾਰ ਮੂਧੇ ਮੂੰਹ ਡਿੱਗ ਪਿਆ। ਡਿੱਗਿਆ ਪਿਆ ਕਹੀ ਜਾਵੇ, "ਹਰਾਮਜ਼ਾਦਿਓ ਮੇਰੇ ਮੂੰਹ ਵੱਲ ਕੀ ਵੇਖਦੇ ਹੋ ਪਾਲੋ ਸਾਲੇ ਨੂੰ ਲੰਬਾ ਫੇਰੋ ਏਹਦੇ ਪਟੇ ਤੇ ਪਾੜਦੋ ਏਹਦੇ....।" ਏਨੇ ਚਿਰ ਨੂੰ ਥਾਣੇਦਾਰਨੀ ਭੱਜੀ-ਭੱਜੀ ਆਈ, "ਨਾ ਵੇ ਭਾਈ ਹੋਰ ਨਾ ਮਾਰੀਂ" ਭਜਨੇ ਨੂੰ ਆਖਣ ਲੱਗੀ।

"ਮੈਂ ਕਿਹਾ ਜੀ ਕੀ ਕਰ ਰਹੇ ਹੋ, ਉਠੋ।" ਥਾਣੇਦਾਰਨੀ ਨੇ ਬੜੇ ਜ਼ੋਰ ਨਾਲ ਮੂਧੇ ਪਏ ਦੇ ਕੰਨ ਕੋਲ ਆਖਿਆ।

"ਮੈਂ ਥਾਣੇਦਾਰ ਗੱਬਰ ਸਿੰਘ ਸਾਰੇ ਪਿੰਡ ਨੂੰ ਅੰਦਰ ਤੁੰਨ ਦੂੰ।"

"ਮੈਂ ਕਿਹਾ ਜੀ ਤੁਸੀਂ ਹੁਣ ਥਾਣੇ 'ਚ ਨਹੀਂ ਪਿੰਡ 'ਚ ਹੋ। ਕਿੰਨੇ ਦਿਨ ਹੋ ਗਏ ਤੁਹਾਨੂੰ ਰੀਟਾਇਰ ਹੋਇਆਂ।"

"ਹੈਂ ਕੀ ਕਿਹਾ ਰੀਟਾਇਰ!"

"ਹਾਂ ਰੀਟਾਇਰ।"

ਥਾਣੇਦਾਰ ਸਾਹਿਬ ਉੱਠ ਕੇ ਬੈਠ ਗਏ ਅਤੇ ਆਪਣੀ ਪਗੜੀ ਠੀਕ ਕਰਕੇ ਲੜਖੜਾਂਦੇ ਸਿੱਧੇ ਆਪਦੇ ਘਰ ਨੂੰ ਤੁਰ ਪਏ ਸਨ।



# ਸ਼ਾਇਰ

"ਦੀਦੀ ਜਿਹੜਾ ਉਹ ਸਾਹਮਣੇ ਮਾਸਟਰ ਬੈਠਾ, ਉਹ ਮੇਰੇ ਵੱਲ ਬੜੀਆਂ ਅੱਖਾਂ ਪਾੜ-ਪਾੜ ਵੇਖ ਰਿਹਾ ਸੀ।" ਸਕੂਲ 'ਚ ਨਵੀਂ ਨਿਯੁਕਤ ਹੋਈ ਮੈਡਮ ਨੇ ਆਪਣੀ ਨਵੀਂ ਸਹੇਲੀ ਨੂੰ ਆਖਿਆ।

"ਕੀ ਇਹ ਸੱਚ ਹੈ?"

"ਹਾਂ ਸੱਚ ਹੈ।"

"ਫੇਰ ਤਾਂ ਤੂੰ ਖੁਸ਼ਕਿਸਮਤ ਏਂ।"

"ਕਿਉਂ?"

"ਉਹ ਉਸ ਔਰਤ ਵੱਲ ਹੀ ਵੇਖਦਾ ਹੈ ਜਿਸ ਉੱਪਰ ਕੁਦਰਤ ਮੇਹਰਬਾਨ ਹੋਵੇ। ਉਸਦਾ ਚਾਲ ਚਲਣ ਸਮੁੱਚੇ ਸਮਾਜ ਲਈ ਮਿਸਾਲ ਹੈ।" "ਉਹ ਇਸ ਤਰ੍ਹਾਂ ਕਿਉਂ ਵੇਖਦਾ ਹੈ?"

"ਉਹ ਬੜਾ ਮਸ਼ਹੂਰ ਸ਼ਾਇਰ ਹੈ। ਉਹ ਇਸ ਤਰ੍ਹਾਂ ਨਵੇਂ-ਨਵੇਂ ਬੜੇ ਵਧੀਆ ਸ਼ੇਅਰ ਲਿਖਦਾ ਹੈ।"

"ਹਾਏ ਨੀਂ ਮੈਂ ਤਾਂ ਬੜੀ ਵੱਡੀ ਗਲਤੀ ਕਰ ਗਈ। ਮੈਂ ਤਾਂ ਉਸ ਵੱਲ ਮੱਥੇ ਵੱਟ ਪਾ ਕੇ ਘੂਰ ਕੇ ਤੇ ਬੁੱਲ੍ਹ ਕੱਢ ਕੇ ਵੇਖਿਆ ਹੈ। ਹੁਣ ਕੀ ਹੋਵੇਗਾ?"

"ਹੁਣ ਉਹ ਲਿਖੂ ਜ਼ਰੂਰ ਪਰ ਉਦਾਸ ਗੀਤ ਲਿਖੂ।"

"ਹੁਣ ਤੂੰ ਭਾਵੇਂ ਸੋਨੇ ਦੀ ਬਣਜੀਂ, ਹੁਣ ਨਹੀਂ ਵੇਖੇਗਾ। ਉਹ ਬੜਾ ਅਲਬੇਲਾ ਸ਼ਾਇਰ ਹੈ। ਤੂੰ ਸ਼ੁਕਰ ਕਰ ਉਸਨੇ ਤੇਰੇ ਵੱਲ ਵੇਖਿਆ ਸੀ।"

ਨਵੀਂ ਮੈਡਮ ਆਪਣੀ ਗਲਤੀ ਉੱਪਰ ਬੁਰੀ ਤਰ੍ਹਾਂ ਪਛਤਾਅ ਰਹੀ ਸੀ।

# ਬੇਸ਼ਰਮ

ਹੌਲ਼ੀ-ਹੌਲ਼ੀ ਇਹ ਗੱਲ ਹੈਡਮਾਸਟਰ ਸਾਹਿਬ ਦੇ ਕਿਸੇ ਸਟਾਫ਼ ਮੈਂਬਰ ਨੇ ਕੰਨੀਂ ਜਾ ਪਾਈ ਕਿ ਡੀ. ਪੀ. ਸਾਹਿਬ ਸਵੇਰੇ ਪ੍ਰਾਰਥਨਾ ਸਮੇਂ ਸਾਵਧਾਨ ਤਾਂ ਠੀਕ ਕਹਿੰਦੇ ਹਨ ਪਰ ਵਿਸ਼ਰਾਮ ਨੂੰ ਬੇਸ਼ਰਮ ਸ਼ਬਦ ਵਰਤਦੇ ਹਨ।" ਹੈਡਮਾਸਟਰ ਸਾਹਿਬ ਕਹਿੰਦਾ, "ਮੈਂ ਵੀ ਪ੍ਰਾਰਥਨਾ 'ਚ ਹੀ ਖੜ੍ਹਾ ਹੁੰਨਾ ਮੇਰੇ ਸਾਹਮਣੇ ਤਾਂ ਉਹ ਠੀਕ ਵਿਸ਼ਰਾਮ ਹੀ ਬੋਲਦਾ ਹੈ।" ਦੱਸਣ ਵਾਲੇ ਨੇ ਦੱਸਿਆ, "ਨਹੀਂ ਜੀ ਜਿਸ ਦਿਨ ਤੁਸੀਂ ਨਹੀਂ ਹੁੰਦੇ ਉਹ ਬੇਸ਼ਰਮ ਹੀ ਆਖਦਾ ਹੈ। ਦੁਪਹਿਰੇ ਅੱਧੀ ਛੁੱਟੀ ਨੂੰ ਹੈਡਮਾਸਟਰ ਸਾਹਿਬ ਨੇ ਸਟਾਫ 'ਚ ਬੈਠੇ ਡੀ. ਪੀ. ਸਾਹਿਬ ਨੂੰ ਪੁੱਛ ਹੀ ਲਿਆ ਕਿ, "ਭਾਈ ਸਾਹਿਬ ਪਤਾ ਲੱਗਾ ਹੈ ਕਿ ਤੁਸੀਂ ਕਦੇ-ਕਦੇ ਵਿਸ਼ਰਾਮ ਨੂੰ ਬੇਸ਼ਰਮ ਆਖਦੇ ਹੋ।" "ਪਹਿਲਾਂ ਇਹ ਦੱਸੋ ਕਿ ਤੁਹਾਨੂੰ ਕਿਸਨੇ ਦੱਸਿਆ ਹੈ?" ਡੀ. ਪੀ. ਸਾਹਿਬ ਬੋਲੇ।

"ਚਲੋ ਕੋਈ ਗੱਲ ਨਹੀਂ, ਕਈ ਵੇਰ ਕਿਸੇ ਸ਼ਬਦ ਦਾ ਉਚਾਰਨ ਗਲਤ ਹੋ ਹੀ ਜਾਂਦਾ ਹੈ, ਤੁਸੀਂ ਠੀਕ ਕਰ ਲਵੋ।" ਹੈਡਮਾਸਟਰ ਸਾਹਿਬ ਨੇ ਡੀ. ਪੀ. ਨੂੰ ਆਖਿਆ।

"ਹੈਡਮਾਸਟਰ ਸਾਹਿਬ ਮੈਂ ਠੀਕ ਹਾਂ। ਤੁਸੀਂ ਅਜਿਹੇ ਚੁਗਲਖੋਰਾਂ ਨੂੰ ਠੀਕ ਕਰੋ। ਮੈਂ ਕਦੋਂ ਵਿਸ਼ਰਾਮ ਤੋਂ ਬੇਸ਼ਰਮ ਬੋਲਦਾ ਹਾਂ, ਤੁਸੀਂ ਇਹ ਤਾਂ ਪਤਾ ਨੀਂ ਕੀਤਾ।"

"ਹਾਂ ਹੁਣ ਦੱਸ ਦੇਵੋ।" ਹੈਡਮਾਸਟਰ ਸਾਹਿਬ ਬੋਲੇ।

"ਹੈਡਮਾਸਟਰ ਸਾਹਿਬ ਤੁਸੀਂ ਆਪ ਹੀ ਦੱਸੋ ਕਿ ਪ੍ਰਾਰਥਨਾ ਜਾਂ ਰਾਸ਼ਟਰੀ ਗੀਤ ਸਮੇਂ ਜਿਹੜੇ ਆਧਿਆਪਕ ਸਕੂਟਰ ਤੇ ਸਕੂਲ ਵਿੱਚ ਹਾਰਨ ਵਜਾਉਂਦੇ ਆ ਰਹੇ ਹੋਣ ਤਾਂ ਉਦੋਂ ਸਕੂਲ ਦਾ ਡੀ. ਪੀ. ਵਿਸ਼ਰਾਮ ਨੂੰ ਬੇਸ਼ਰਮ ਨਾ ਬੋਲੂ ਤਾਂ ਕੀ ਬੋਲੂ। ਮੈਂ ਤਾਂ ਬੱਚਿਆਂ ਨੂੰ ਉਸ ਵਕਤ ਇਹ ਆਖ ਰਿਹਾ ਹੁੰਦਾ ਹਾਂ ਕਿ ਸਾਵਧਾਨ ਹੋ ਜਾਵੋ ਬੇਸ਼ਰਮ ਆ ਰਹੇ ਹਨ।" ਸਾਰੇ ਅਧਿਆਪਕ ਖਿੜ-ਖਿੜਾ ਕੇ ਹੱਸ ਪਏ ਤਾਂ ਹੈਡਮਾਸਟਰ ਸਾਹਿਬ ਬੋਲੇ, "ਬਈ ਹੱਸਣ ਵਾਲੀ ਕੋਈ ਗੱਲ ਨਹੀਂ। ਕੱਲ੍ਹ ਤੋਂ ਸਾਰੇ ਸਮੇਂ ਸਿਰ ਆਓ ਤਾਂ ਕਿ ਡੀ. ਪੀ. ਸਾਹਿਬ ਨੂੰ ਮਜ਼ਬੂਰ ਹੋ ਕੇ ਵਿਸ਼ਰਾਮ ਨੂੰ ਬੇਸ਼ਰਮ ਨਾ ਕਹਿਣਾ ਪਵੇ।" ਏਨਾ ਚਿਰ ਨੂੰ ਅੱਧੀ ਛੁੱਟੀ ਬੰਦ ਹੋ ਗਈ। ਸਾਰੇ ਅਧਿਆਪਕ ਮੁਸਕੜੀਆਂ ਹੱਸਦੇ ਹੋਏ ਆਪੋ ਆਪਣੀਆਂ ਜਮਾਤਾਂ ਵੱਲ ਜਾ ਰਹੇ ਸਨ।

*(ਅਜੀਤ : 15.12.2002)*



# ਚੌਂਕੀ

ਜ਼ਿਲ੍ਹਾ ਸਿੱਖਿਆ ਅਫਸਰ ਬਾਹਰ ਆਪਣੀ ਗੱਡੀ ਰੋਕ ਕੇ ਸਕੂਲ ਵਿੱਚ ਦਾਖਲ ਹੋਏ ਤਾਂ ਅੱਧੀਆਂ ਜਮਾਤਾਂ ਲੱਗੀਆਂ ਹੋਈਆਂ ਸਨ, ਅੱਧੀਆਂ ਖ਼ੂਬ ਰੌਲ਼ਾ ਪਾ ਰਹੀਆਂ ਸਨ। ਪਹਿਲੇ ਕਮਰੇ ਵਿੱਚ ਜਾ ਕੇ ਜਦੋਂ ਅਧਿਆਪਕ ਨੂੰ ਪੁੱਛਿਆ ਕਿ, "ਬਾਕੀ ਅਧਿਆਪਕ ਕਿੱਥੇ ਹਨ? ਐਨਾ ਰੌਲਾ ਕਿਉਂ ਪੈ ਰਿਹਾ ਹੈ? ਤਾਂ ਅਧਿਆਪਕ ਨੇ ਦੱਸ ਦਿੱਤਾ ਕਿ, "ਬਾਕੀ ਅਧਿਆਪਕ ਸਾਧ ਨਰਾਇਣ ਦਾਸ ਦੇ ਡੇਰੇ ਚੌਂਕੀ ਭਰ ਰਹੇ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਬੁੜਬੁੜਾਉਣ ਲੱਗੇ ਕਿ ਐਨਾ ਪੜ੍ਹ ਲਿਖ ਕੇ ਵੀ ਸਾਧਾਂ ਦੇ ਡੇਰਿਆਂ ਉੱਪਰ ਧੱਕੇ ਖਾ ਰਹੇ ਹਨ। ਬੜੇ ਅਫਸੋਸ ਦੀ ਗੱਲ ਹੈ। ਤੁਹਾਡਾ ਦਫ਼ਤਰ ਕਿੱਥੇ ਹੈ?"

"ਉਹ ਸਾਹਮਣੇ ਦਫਤਰ ਹੀ ਹੈ।" ਅਧਿਆਪਕ ਬੋਲਿਆ।

ਜਦੋਂ ਡੀ. ਈ. ਓ. ਸਾਹਿਬ ਦਫਤਰ ਪਹੁੰਚੇ ਤਾਂ ਹੈਡਮਾਸਟਰ ਸਾਹਿਬ ਪੰਜ ਛੇ ਅਧਿਆਪਕਾਂ ਨਾਲ ਖ਼ੂਬ ਗੱਪਾਂ ਮਾਰ ਰਹੇ ਸਨ। ਡੀ. ਈ. ਓ. ਸਾਹਿਬ ਨੇ ਪੁੱਛਿਆ ਕਿ, "ਇਹ ਕੀ ਹੋ ਰਿਹਾ ਹੈ? ਤਾਂ ਹੈਡਮਾਸਟਰ ਸਾਹਿਬ ਨੇ ਆਖਿਆ ਕਿ "ਮੀਟਿੰਗ ਕਰ ਰਹੇ ਸੀ।" ਤਾਂ ਡੀ. ਈ. ਓ. ਸਾਹਿਬ ਨੇ ਆਖਿਆ ਕਿ, "ਇਹ ਕੈਸੀ ਮੀਟਿੰਗ ਹੈ ਕਿ ਅੱਧਾ ਸਟਾਫ਼ ਤੁਹਾਡੇ ਕੋਲ਼ ਬੈਠਾ ਅੱਧਾ ਜਮਾਤਾਂ ਵਿੱਚ ਹੋਵੇ। ਤੁਹਾਡਾ ਸ਼ੁਭ ਨਾਂ ਕੀ ਹੈ?" ਹੈਡਮਾਸਟਰ ਸਾਹਿਬ ਨੇ ਦੱਸਿਆ ਕਿ "ਮੇਰਾ ਨਾਂ ਨਰਾਇਣ ਦਾਸ ਹੈ।" ਤਾਂ ਡੀ. ਈ. ਓ. ਸਾਹਿਬ ਪਹਿਲੇ ਅਧਿਆਪਕ ਦੀ ਗੱਲ ਚੰਗੀ ਤਰ੍ਹਾਂ ਸਮਝ ਗਏ ਸਨ। ਉਹਨਾਂ ਹੈਡਮਾਸਟਰ ਸਾਹਿਬ ਨੂੰ ਤਾੜਨਾ ਕੀਤੀ ਕਿ, "ਅਜਿਹੀਆਂ ਚੌਂਕੀਆਂ ਸਕੂਲ ਦੀ ਬਜਾਏ ਆਪਣੇ ਘਰ ਹੀ ਭਰਾ ਲਿਆ ਕਰੋ ਤਾਂ ਕਿ ਬੱਚਿਆਂ ਦਾ ਨੁਕਸਾਨ

ਨਾ ਹੋਵੇ। ਲਿਆਓ ਹਾਜ਼ਰੀ ਰਜਿਸਟਰ ਵਿਖਾਓ। ਇਹ ਕੀ ਗੱਲ ਦੋ ਖਾਨੇ ਖਾਲੀ ਪਏ ਹਨ? ਕੀ ਗੱਲ ਅਧਿਆਪਕ ਆਏ ਨਹੀਂ?" "ਨਹੀਂ ਜੀ! ਆਏ ਤਾਂ ਹਨ ਪਰ ਗੱਲਾਂਬਾਤਾਂ ਵਿੱਚ ਹਾਜ਼ਰੀ ਲਾਉਣੀ ਭੁੱਲ ਗਏ ਹਨ।" "ਬੜੇ ਅਫਸੋਸ ਦੀ ਗੱਲ ਹੈ, ਜਿਸ ਅਧਿਆਪਕ ਨੂੰ ਆਪਣੀ ਹਾਜ਼ਰੀ ਦਾ ਵੀ ਪਤਾ ਨਹੀਂ ਉਹ ਬੱਚਿਆਂ ਨੂੰ ਕੀ ਕਰਾਊ। ਹੈਡਮਾਸਟਰ ਸਾਹਿਬ ਤੁਹਾਨੂੰ ਇੱਕ ਵੇਰ ਫਿਰ ਆਖ ਰਿਹਾ ਹਾਂ ਕਿ ਤੁਸੀਂ ਦਫਤਰ ਨੂੰ ਡੇਰਾ ਨਹੀਂ ਦਫਤਰ ਬਣਾ ਕੇ ਰੱਖੋ। ਕੁਦਰਤ ਨੇ ਬੜੀ ਖੂਬਸੂਰਤ ਕੁਰਸੀ ਬਖਸ਼ੀ ਹੈ। ਇਸਦੀ ਯੋਗ ਵਰਤੋਂ ਕਰੋ। ਡੀ. ਈ. ਓ. ਸਾਹਿਬ ਪਹਿਲੇ ਅਧਿਆਪਕ ਨੂੰ ਸ਼ਾਬਾਸ਼ ਦੇ ਕੇ ਵਾਪਸ ਪਰਤ ਗਏ ਸਨ।

*(ਅਜੀਤ : 10.1.2003)*



# ਕੈਨੇਡੀਅਨ

ਅਸੱਭਿਆਚਾਰਕ ਮੇਲਾ ਸਿਖ਼ਰ ਤੇ ਪੁੱਜ ਚੁੱਕਾ ਸੀ। ਸ਼ਾਮ ਨੂੰ ਗਰਮ ਗਰਮ ਗੀਤਾਂ ਨਾਲ ਬਹੁਤੇ ਸਰੋਤੇ ਸ਼ਰਾਰਤੀ ਪਾਣੀ ਭਾਵ ਸ਼ਰਾਬ ਦਾ ਵੀ ਇਸਤੇਮਾਲ ਕਰ ਰਹੇ ਸਨ। ਪਹਿਲੀ ਕਤਾਰ ਵਿੱਚ ਬੈਠੇ ਕੁਝ ਪ੍ਰਵਾਸੀ ਭਾਰਤੀ ਗਾਉਣ ਵਾਲੀ ਜੋੜੀ ਉੱਪਰ ਦੀ ਪੈਸੇ ਵਾਰ ਕੇ ਸਟੇਜ ਸਕੱਤਰ ਨੂੰ ਫੜ੍ਹਾ ਰਹੇ ਸਨ। ਅਚਾਨਕ ਹੀ ਸਟੇਜ ਉੱਪਰ ਪ੍ਰਵਾਸੀ ਭਾਰਤੀਆਂ ਅਤੇ ਸਟੇਜ ਸਕੱਤਰ ਦਾ ਝਗੜਾ ਹੋ ਗਿਆ। ਲੋਕਾਂ ਦਾ ਹਜੂਮ ਤਮਾਸ਼ਾ ਵੇਖਣ ਲਈ ਸਟੇਜ ਦੇ ਕੋਲ਼ ਆ ਗਿਆ। ਪ੍ਰਬੰਧਕਾਂ ਨੇ ਪ੍ਰਵਾਸੀ ਭਾਰਤੀਆਂ ਨੂੰ ਪੁੱਛਿਆ ਕਿ "ਕੀ ਗੱਲ ਹੈ? ਸਾਨੂੰ ਦੱਸੋ ਅਸੀਂ ਆਪੇ ਸਟੇਜ ਸਕੱਤਰ ਨਾਲ ਗੱਲ ਕਰ ਲਵਾਂਗੇ।" ਪ੍ਰਵਾਸੀ ਭਾਰਤੀਆਂ ਨੇ ਆਖਿਆ ਕਿ, "ਅਸੀਂ ਹਰੇਕ ਨੋਟ ਉੱਪਰ ਆਪਣੇ ਨਾਂ ਦੇ ਨਾਲ ਕੈਨੇਡੀਅਨ ਸਾਫ਼ ਕਰਕੇ ਲਿਖਦੇ ਹਾਂ। ਪਰ ਇਹ ਐਡਾ ਘਟੀਆ ਆਦਮੀ ਹੈ ਕਿ ਜਾਣ ਬੁੱਝ ਕੇ ਨਾਂ ਦੇ ਪਿੱਛੇ ਲਿਖਿਆ ਕੈਨੇਡੀਅਨ ਛੱਡ ਜਾਂਦਾ ਹੈ।" ਸਟੇਜ ਸਕੱਤਰ ਨੂੰ ਪ੍ਰਬੰਧਕਾਂ ਨੇ ਆਖਿਆ ਕਿ, "ਦੱਸ ਬਈ ਕੀ ਗੱਲ ਏ? ਏਥੇ ਤੂੰ ਗਲਤ ਏਂ ਤੇਰੇ ਵਾਸਤੇ ਮਾੜੀ ਗੱਲ ਏ।" ਸਟੇਜ ਸਕੱਤਰ ਨੇ ਆਖਿਆ ਕਿ, "ਮੈਂ ਗਲਤ ਹਾਂ ਜਾਂ ਠੀਕ ਹਾਂ। ਇਸਦਾ ਫੈਸਲਾ ਦਰਸ਼ਕਾਂ 'ਤੇ ਛੱਡ ਦੇਵੋ।" ਪ੍ਰਬੰਧਕ ਕਮੇਟੀ ਮੰਨ ਗਈ। ਸਟੇਜ ਸਕੱਤਰ ਨੇ ਸਾਰੇ ਸਰੋਤਿਆਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ, "ਭਾਈ ਸਾਹਿਬ ਤੁਸੀਂ ਆਪ ਹੀ ਫੈਸਲਾ ਕਰਿਓ ਕਿ 20-25 ਸਾਲ ਭਾਰਤ ਮਾਂ ਦਾ ਅੰਨ ਪਾਣੀ ਖਾਣ ਪੀਣ ਵਾਲੇ ਜੇ 25 ਸਾਲਾਂ ਵਿੱਚ ਇੰਡੀਅਨ ਨਹੀਂ ਬਣ ਸਕੇ ਤਾਂ 2-4 ਸਾਲ ਕੈਨੇਡਾ ਵਿੱਚ ਧੱਕੇ ਖਾਣ ਨਾਲ ਕੀ ਕੈਨੇਡੀਅਨ ਅਖਵਾਉਣ ਦੇ ਹੱਕਦਾਰ ਹਨ?" ਸਾਰੇ ਦਰਸ਼ਕਾਂ ਨੇ ਇੱਕ ਅਵਾਜ਼ ਵਿੱਚ ਬੜੇ ਜ਼ੋਰ ਨਾਲ ਆਖਿਆ ਕਿ, "ਬਿਲਕੁਲ ਨਹੀਂ।" "ਕੀ ਅੰਗਰੇਜ਼ ਲੋਕ ਜਾਂ ਹੋਰ

ਵਿਦੇਸ਼ੀ ਭਾਰਤ ਵਿੱਚੋਂ ਵਾਪਸ ਜਾ ਕੇ ਆਪਣੇ ਆਪ ਨੂੰ ਇੰਡੀਅਨ ਅਖਵਾਉਂਦੇ ਹਨ।" ਸਾਰੇ ਦਰਸ਼ਕਾਂ ਨੇ ਫਿਰ ਇੱਕੋ ਅਵਾਜ਼ ਵਿੱਚ ਆਖਿਆ ਕਿ, "ਬਿਲਕੁਲ ਨਹੀਂ।" "ਹੁਣ ਪਿਆਰੇ ਦਰਸ਼ਕੋ ਤੁਸੀਂ ਆਪ ਹੀ ਦੱਸ ਦੇਵੋ ਕਿ ਇਹ ਪ੍ਰਵਾਸੀ ਵੀਰ ਠੀਕ ਹਨ ਜਾਂ ਮੈਂ।" ਫਿਰ ਸਾਰੇ ਇੱਕੋ ਅਵਾਜ ਵਿੱਚ ਬੋਲੇ, "ਸੈਕਟਰੀ ਸਾਹਿਬ ਤੁਸੀਂ ਠੀਕ ਹੋ।" ਏਨੇ ਚਿਰ ਨੂੰ ਪ੍ਰਵਾਸੀ ਭਾਰਤੀਆਂ ਦੀ ਘੁੱਟ-ਘੁੱਟ ਪੀਤੀ ਲੱਥ ਗਈ ਸੀ। ਉਹ ਹੱਥ ਜੋੜ ਕੇ ਬੋਲੇ, "ਬਾਪੂ ਤੂੰ ਠੀਕ ਏਂ। ਬਹੁਤ ਹੋ ਚੁੱਕੀ, ਅਸੀਂ ਮੁਆਫੀ ਮੰਗਦੇ ਹਾਂ। ਤੁਸੀਂ ਮੇਲਾ ਅੱਗੇ ਤੋਰੋ।" ਸਟੇਰ ਸਕੱਤਰ ਨੇ ਜੇਤੂ ਜਰਨੈਲ ਵਾਂਗ ਮਾਇਕ ਫੜਿਆ। ਲੋਕਾਂ ਦਾ ਧੰਨਵਾਦ ਕੀਤਾ ਅਤੇ ਮੇਲਾ ਅੱਗੇ ਤੋਰਿਆ।

*(ਜਗ ਬਾਣੀ 18.8.2002)*



# ਸੁਆਰਥੀ

ਉਸਦੀ ਅਚਾਨਕ ਅਤੇ ਬੇਵਕਤ ਮੌਤ ਹੋਈ ਨੂੰ ਅੱਜ ਪੂਰੇ ਤਿੰਨ ਮਹੀਨੇ ਹੋ ਚੁੱਕੇ ਸਨ। ਉਸਦੀ ਅਭਾਗਣ ਪਤਨੀ ਅੱਜ ਫਿਰ ਘਰ ਦੇ ਵਿਹੜੇ ਵਿੱਚ ਇਕੱਲੀ ਬੈਠੀ ਭੁੱਬਾਂ ਮਾਰ ਕੇ ਰੋ ਰਹੀ ਸੀ। ਉਹਨਾਂ ਚਿਰ ਨੂੰ ਗੁਆਂਢਣ ਨੇ ਆ ਕੇ ਦਿਲਾਸਾ ਦੇਂਦਿਆਂ ਆਖਿਆ ਕਿ, "ਭੈਣ ਜੀ ਹੌਂਸਲਾ ਕਰੋ, ਇਸ ਤਰ੍ਹਾਂ ਢੇਰੀ ਢਾਹਿਆਂ ਕੁਝ ਨਹੀਂ ਬਣਨਾ, ਪ੍ਰਮਾਤਮਾ ਦਾ ਭਾਣਾ ਮੰਨੋ। ਇਸ ਤਰ੍ਹਾਂ ਤਾਂ ਤੁਹਾਡੀ ਸਿਹਤ ਹੋਰ ਵਿਗੜ ਜਾਵੇਗੀ। ਵਥੇਰਾ ਰੋ ਕੇ ਵੇਖ ਲਿਆ। ਕੁਝ ਵੀ ਹੱਥ ਪੱਲੇ ਨਹੀਂ ਆਇਆ।" ਉਸ ਵਿਚਾਰੀ ਨੇ ਹੁਬਕੀਂ ਰੋਂਦੀ ਨੇ ਆਖਿਆ ਕਿ, "ਮੈਂ ਇਕੱਲੀ ਬੈਠੀ ਸੋਚ ਰਹੀ ਸੀ ਕਿ ਇਹੀ ਥਾਂ ਜਿੱਥੇ ਮੈਂ ਇਕੱਲੀ ਬੈਠੀ ਹਾਂ। ਮੇਲੇ ਵਰਗਾ ਮਾਹੌਲ ਹੁੰਦਾ ਸੀ। ਬਾਹਰ ਕਾਰਾਂ ਸਕੂਟਰਾਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ ਸਨ। ਟੈਲੀਫੂਨ ਦੀਆਂ ਘੰਟੀਆਂ ਲਗਾਤਾਰ ਵਜਦੀਆਂ ਰਹਿੰਦੀਆਂ ਸਨ। ਉਸ ਰੱਬ ਦੇ ਬੰਦੇ ਨੇ ਕਿਸੇ ਨੂੰ ਤਾਂ ਬਿਨਾਂ ਕੰਮ ਕੀਤਿਆਂ ਮੋੜਿਆ ਹੋਵੇ। ਉਹ ਦਰਵੇਸ਼ ਬੰਦਾ ਇੱਕੋ ਗੱਲ ਆਖਿਆ ਕਰਦਾ ਸੀ, 'ਜੋ ਜੀਅ ਆਵੇ ਰਾਜ਼ੀ ਜਾਵੇ।' ਉਸਨੇ ਦੋਸਤਾਂ ਮਿੱਤਰਾਂ ਅਤੇ ਦੁਸ਼ਮਣਾਂ ਦੇ ਹਰ ਤਰ੍ਹਾਂ ਦੇ ਕੰਮ ਕੀਤੇ ਜੋ ਕਿ ਉਸਦੀ ਮੌਤ ਦਾ ਕਾਰਨ ਵੀ ਬਣੇ। ਪਰ ਅੱਜ ਤਿੰਨ ਮਹੀਨੇ ਬੀਤ ਚੁੱਕੇ ਹਨ। ਮੈਂ ਉਹਨਾਂ ਸੁਆਰਥੀ ਲੋਕਾਂ ਬਾਰੇ ਸੋਚ ਰਹੀ ਸੀ ਕਿ ਦੁਨੀਆਂ ਕਿੰਨੀ ਸੁਆਰਥੀ ਹੋ ਚੁੱਕੀ ਹੈ। ਐਨਾ ਸਮਾਂ ਬੀਤ ਜਾਣ 'ਤੇ ਇੱਕ ਅੱਧੇ ਨੂੰ ਛੱਡ ਕੇ ਕਿਸੇ ਨੇ ਵੀ ਸਾਡੀ ਸਾਰ ਤੱਕ ਨਹੀਂ ਲਈ ਕਿ ਅਸੀਂ ਕਿਸ ਹਾਲ ਵਿੱਚ ਜੀਅ ਰਹੇ ਹਾਂ। ਸਸਕਾਰ ਮੌਕੇ ਤਾਂ ਮੈਨੂੰ ਪਤਾ ਨਹੀਂ ਪਰ ਉਹਨਾਂ ਵਿੱਚੋਂ ਬਹੁਤੇ ਭੋਗ ਤੇ ਵੀ ਨਹੀਂ ਪਹੁੰਚੇ। ਲੰਬਾ ਹਉਕਾ ਭਰਦੀ ਨੇ ਆਖਿਆ ਕਿ, "ਜੇ ਰੱਬ ਦਾ ਬੰਦਾ ਇੱਕ ਵੇਰ ਫਿਰ ਵਾਪਸ ਆ ਜਾਵੇ ਤਾਂ ਉਹ ਇਹ ਵੇਖ ਕੇ ਅਤੇ ਸੁਣ ਕੇ ਕੰਧਾਂ 'ਚ ਟੱਕਰਾਂ ਮਾਰਕੇ ਇੱਕ ਵੇਰ ਫਿਰ ਮਰ ਜਾਵੇਗਾ।" ਗੁਆਂਢਣ ਨੇ ਫਿਰ ਹੌਂਸਲਾ ਦੇਂਦੀ ਨੇ ਆਖਿਆ, "ਭੈਣ ਜੀ ਗਏ ਕਦੇ ਵੀ ਵਾਪਸ ਪਰਤੇ ਨੇ, ਕਿਹੋ ਜਹੀਆਂ ਗੱਲਾਂ ਕਰ ਰਹੇ ਹੋ। ਇਹ ਦੁਨੀਆਂ ਚੜ੍ਹਦੇ ਸੂਰਜ ਨੂੰ ਸਲਾਮ ਕਰਦੀ ਹੈ। ਛਿਪਦੇ ਨੂੰ ਨਹੀਂ ਪਰ ਤੁਹਾਡਾ ਸੂਰਜ ਤਾਂ ਸਦਾ ਵਾਸਤੇ ਡੁੱਬ ਚੁੱਕਿਆ ਹੈ। ਏਥੇ ਕੀਹਨੇ ਬਹੁੜਨਾ। ਚੰਗਾ ਭੈਣ ਜੀ ਮੇਰਾ ਤਾਂ ਦਰਵਾਜ਼ਾ ਵੀ ਖੁੱਲ੍ਹਾ ਹੈ।" ਗੁਆਂਢਣ ਇਹ ਬਹਾਨਾ ਲਾ ਕੇ ਆਪਣੇ ਘਰ ਪਰਤ ਗਈ ਸੀ।

*(ਜਗਬਾਣੀ : 18.8.2002)*

# ਫਰਲੋ

ਸਕੂਲ ਵਿੱਚ ਫਰਲੋ ਆਮ ਚੱਲਦੀ ਸੀ। ਪਰ ਨਵਾਂ ਨਿਯੁਕਤ ਹੋ ਕੇ ਆਇਆ ਪੰਜਾਬੀ ਅਧਿਆਪਕ ਪਵਿੱਤਰ ਸਿੰਘ ਇਹ ਵੇਖ ਕੇ ਬੜਾ ਹੈਰਾਨ ਸੀ। ਉਸਨੂੰ ਇਹ ਸਭ ਕੁਝ ਬੜਾ ਘਟੀਆ ਲੱਗ ਰਿਹਾ ਸੀ ਕਿ ਕੰਮ ਕੋਈ ਸਾਰਾ ਦਿਨ ਆਪਦੇ ਘਰ ਦਾ ਕਰੇ ਤੇ ਅਗਲੇ ਦਿਨ ਸਕੂਲ ਆ ਕੇ ਹਾਜ਼ਰੀ ਲਾ ਲਵੇ। ਇੱਕ ਦਿਨ ਪਵਿੱਤਰ ਸਿੰਘ ਨੂੰ ਕੋਈ ਜ਼ਰੂਰੀ ਕੰਮ ਪੈ ਗਿਆ। ਉਸਨੇ ਛੁੱਟੀ ਦੀ ਅਰਜ਼ੀ ਭੇਜ ਦਿੱਤੀ ਤਾਂ ਮੁੱਖ ਅਧਿਆਪਕ ਨੇ ਉਸਦਾ ਹਾਜ਼ਰੀ ਵਾਲਾ ਖਾਨਾ ਖਾਲੀ ਰੱਖ ਲਿਆ। ਅਗਲੇ ਦਿਨ ਪਵਿੱਤਰ ਸਿੰਘ ਨੇ ਉਹ ਖਾਨਾ ਛੱਡ ਕੇ ਅਗਲੇ ਖਾਨੇ ਵਿੱਚ ਹਾਜ਼ਰੀ ਲਾ ਲਈ। ਸਾਰਾ ਸਟਾਫ਼ ਬੈਠਾ ਸੀ। ਮੁੱਖ ਅਧਿਆਪਕ ਜੋ ਆਪ ਫਰਲੋ ਦਾ ਆਦੀ ਸੀ। ਆਖਣ ਲੱਗਾ ਕਿ "ਪਵਿੱਤਰ ਸਿੰਘ ਆ ਖਾਨਾ ਖਾਲੀ ਪਿਆ। ਹਾਜ਼ਰੀ ਲਾ ਲਵੋ।" ਪਵਿੱਤਰ ਸਿੰਘ ਨੇ ਆਖਿਆ, "ਤੁਸੀਂ ਇਸ ਵਿੱਚ ਮੇਰੀ ਛੁੱਟੀ ਭਰ ਦੇਵੋ।" ਮੁੱਖ ਅਧਿਆਪਕ ਨੇ ਫਿਰ ਆਖਿਆ ਕਿ "ਅਜੇ ਸਾਰਾ ਸਾਲ ਪਿਆ ਹੈ ਪਤਾ ਨਹੀਂ ਕਦੋਂ ਛੁੱਟੀ ਦੀ ਲੋੜ ਪੈ ਜਾਵੇ। ਕੋਈ ਨੀਂ ਤੁਸੀਂ ਹਾਜ਼ਰੀ ਲਾ ਲਵੋ।" ਪਵਿੱਤਰ ਸਿੰਘ ਨੇ ਬੜੇ ਦੁੱਖੀ ਹੋ ਕੇ ਆਖਿਆ, "ਮੈਂ ਇੱਕ ਸਾਬਕਾ ਫੌਜੀ ਬਾਪ ਦਾ ਲੜਕਾ ਹਾਂ। ਜਿਨ੍ਹਾਂ ਨੇ ਮੈਨੂੰ ਇੱਕ ਗੱਲ ਪਹਿਲੇ ਦਿਨ ਸਮਝਾ ਕੇ ਤੋਰਿਆ ਸੀ ਕਿ ਡਿਊਟੀ ਨੂੰ ਡਿਊਟੀ ਸਮਝਣਾ ਕੋਈ ਕੁਤਾਹੀ ਨਹੀਂ ਕਰਨੀ। ਤੁਸੀਂ ਇੱਕ ਦਿਨ ਦੀ ਫਰਲੋ ਦੀ ਗੱਲ ਕਰਦੇ ਹੋ ਉਹਨਾਂ ਇਹ ਕਹਿ ਕੇ ਮੈਨੂੰ ਭੇਜਿਆ ਸੀ ਕਿ ਇੱਕ ਮਿੰਟ ਦੀ ਵੀ ਫਰਲੋ ਨਹੀਂ ਮਾਰਨੀ। ਉਹਨਾਂ ਨੇ ਦੱਸਿਆ ਕਿ ਅਣਖ, ਗੈਰਤ ਅਤੇ ਜੁਅਰਤ ਨਾਲ ਨੌਕਰੀ ਕਰਨੀ ਹੈ। ਜੋ ਲੋਕ ਫਰਲੋ ਮਾਰਦੇ ਹਨ, ਉਹ ਆਪਣੀ ਜ਼ਮੀਰ ਮਾਰਦੇ ਹਨ। ਮਰੀ ਜ਼ਮੀਰ ਵਾਲੇ ਲੋਕਾਂ ਵਿੱਚ ਅਣਖ, ਗੈਰਤ ਅਤੇ ਜੁਅਰਤ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਉਹ ਜਿਉਂਦੇ ਹੋਏ ਵੀ ਇੱਕ ਜਿਉਂਦੀ ਲਾਸ਼ ਤੋਂ ਵੱਧ ਕੁਝ ਨਹੀਂ ਹੁੰਦੇ। ਮੁੱਖ ਅਧਿਆਪਕ ਬੇਹੱਦ ਸ਼ਰਮਿੰਦਾ ਹੋ ਕੇ ਬੋਲਿਆ ਕਿ, "ਪਵਿੱਤਰ ਸਿੰਘ, ਮੁਆਫ਼ ਕਰਨਾ। ਮੈਂ ਬੜਾ ਸ਼ਰਮਿੰਦਾ ਹਾਂ। ਮੈਂ ਤੁਹਾਡੇ ਉੱਚੇ ਸੁੱਚੇ ਵਿਚਾਰਾਂ ਦੀ ਕਦਰ ਕਰਦਾ ਹਾਂ। ਮੈਨੂੰ ਅਫਸੋਸ ਹੈ ਕਿ ਮੈਂ ਤੁਹਾਡੀਆਂ ਭਾਵਨਾਵਾਂ ਪਹਿਲਾਂ ਸਮਝ ਨਹੀਂ ਸਕਿਆ।" ਹੁਣ ਸਾਰਾ ਸਟਾਫ਼ ਚੁੱਪ ਚਾਪ ਮਰੀ ਜ਼ਮੀਰ ਅਤੇ ਜਿਉਂਦੀ ਜ਼ਮੀਰ ਦੇ ਖੁੱਲ੍ਹੇ ਦਰਸ਼ਨ ਕਰ ਰਿਹਾ ਸੀ।



# ਪੈਸੇ ਦਾ ਪੀਰ

ਸਾਹਿਤ ਸਭਾ ਦਾ ਪ੍ਰਧਾਨ ਸਮਾਗਮ ਦੇ ਅੰਤ ਵਿੱਚ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕਰ ਰਿਹਾ ਸੀ। ਅਚਾਨਕ ਇੱਕ ਸਾਹਿਤਕਾਰ ਉਠਿਆ ਕਿ "ਪ੍ਰਧਾਨ ਸਾਹਿਬ, ਦੱਸਿਆ ਜਾਵੇ ਕਿ ਸਮਾਗਮ ਵਿੱਚ ਛੋਟੇ ਸਾਹਿਤਕਾਰਾਂ ਨੂੰ ਐਨੇ ਸੋਹਣੇ ਮੋਮੈਂਟੋ ਅਤੇ ਸ਼ਾਨਦਾਰ ਲੋਈਆਂ ਨਾਲ ਸਨਮਾਨਿਤ ਕੀਤਾ ਗਿਆ। ਜਦੋਂਕਿ ਸਾਡੀ ਸਭਾ ਦੇ ਐਡੇ ਵੱਡੇ ਸਾਹਿਤਕਾਰ ਨੂੰ ਇੱਕ ਛੋਟੀ ਜਿਹੀ ਲਫਾਫੀ ਦੇ ਕੇ ਸਾਰ ਦਿੱਤਾ। ਕੀ ਇਹ ਬੇਇਨਸਾਫ਼ੀ ਨਹੀਂ? ਕੀ ਇਹ ਪੱਖਪਾਤ ਨਹੀਂ? ਸਾਨੂੰ ਇਸ ਸਬੰਧੀ ਗਿਲਾ ਹੈ। ਅਸੀਂ ਆਪਣੀ ਸਾਰੀ ਸਭਾ ਵੱਲੋਂ ਰੋਸ ਪ੍ਰਗਟ ਕਰਦੇ ਹਾਂ। ਇਹ ਸਨਮਾਨ ਨਹੀਂ, ਤੁਸੀਂ ਅਪਮਾਨ ਕੀਤਾ ਹੈ।" ਸਭਾ ਦੇ ਪ੍ਰਧਾਨ ਨੇ ਆਪਣਾ ਭਾਸ਼ਨ ਰੋਕ ਕੇ ਪ੍ਰਸ਼ਨ ਕਰਨ ਵਾਲੇ ਲੇਖਕ ਨੂੰ ਆਖਿਆ ਕਿ, "ਜੇ ਮੈਂ ਅਸਲੀਅਤ ਦੱਸ ਦਿੱਤੀ ਤਾਂ ਤੁਸੀਂ ਸਾਡੇ ਤੇ ਰੋਸ ਪ੍ਰਗਟ ਕਰਨ ਦੀ ਬਜਾਏ ਆਪਣੇ ਵੱਡੇ ਸਾਹਿਤਕਾਰ ਦੇ ਛਿੱਤਰ ਮਾਰੋਗੇ।" ਉਹ ਫਿਰ ਬੋਲਿਆ, "ਨਹੀਂ ਸਾਨੂੰ ਅਸਲੀਅਤ ਦੱਸੀ ਜਾਵੇ।" ਸਭਾ ਦੇ ਪ੍ਰਧਾਨ ਨੇ ਆਖਿਆ ਕਿ, "ਜਦੋਂ ਅਸੀਂ ਤੁਹਾਡੇ ਵੱਡੇ ਸਾਹਿਤਕਾਰ ਨੂੰ ਸਨਮਾਨ ਸਬੰਧੀ ਮਿਲੇ ਸੀ ਤਾਂ ਇਸਨੇ ਬੜੇ ਰੋਹਬ ਨਾਲ ਆਖਿਆ ਸੀ ਕਿ ਚਿੜੀਆਂ ਜਨੌਰ ਜਹੇ ਭਾਵ ਮੋਮੈਂਟੋ ਤਾਂ ਮੇਰੇ ਘਰ ਬੜੇ ਹਨ, ਮੇਰੇ ਘਰ ਲੋਈਆਂ ਦਾ ਵੀ ਘਾਟਾ ਨਹੀਂ। ਤੁਸੀਂ ਨਕਦ-ਨਾਮੇ ਦੀ ਗੱਲ ਕਰੋ। ਸੋ ਅਸੀਂ ਇਸ ਵੱਡੇ ਸਾਹਿਤਕਾਰ ਦੀ ਸ਼ਰਧਾ ਅਤੇ ਮੰਗ ਅਨੁਸਾਰ ਹੀ ਇਹ ਲਫਾਫਾ ਦਿੱਤਾ ਹੈ।" ਬਸ ਏਨਾ ਕਹਿਣ ਦੀ ਦੇਰ ਸੀ ਉਹ ਪ੍ਰਸ਼ਨ ਕਰਨ ਵਾਲਾ ਅਤੇ ਉਸਦੇ ਸਾਥੀ ਲੇਖਕ ਭਰੇ ਇਕੱਠ ਵਿੱਚ ਹੀ ਉਸ ਮਹਾਨ ਸਾਹਿਤਕਾਰ ਦੇ ਗਲ ਪੈ ਗਏ। ਤੂੰ ਸਾਡੀ ਸਭਾ ਅਤੇ ਸਾਡੇ ਸ਼ਹਿਰ ਦੀ ਬੇਇੱਜ਼ਤੀ ਕਰਵਾ ਕੇ ਰੱਖ ਦਿੱਤੀ। ਤੂੰ ਸਨਮਾਨ ਨੂੰ ਪੈਸੇ ਨਾਲ ਤੋਲਿਆ ਹੈ, ਲਾਹਣਤ ਹੈ, ਸ਼ਰਮ ਨਾਲ ਮਰ ਨੀਂ ਜਾਂਦਾ।" ਹੁਣ ਉਹ ਵੱਡਾ ਸਾਹਿਤਕਾਰ ਕਦੇ ਆਪਣੇ ਛੋਟੇ ਜਿਹੇ ਲਫਾਫੇ ਵੱਲ ਨਿੰਮੋਝੂਣਾ ਹੋਇਆ ਵੇਖ ਰਿਹਾ ਸੀ, ਕਦੇ ਛੋਟੇ ਸਾਹਿਤਕਾਰਾਂ ਨੂੰ ਮਿਲੇ ਸ਼ਾਨਦਾਰ ਮੋਮੈਂਟੋਆਂ ਅਤੇ ਖੂਬਸੂਰਤ ਲੋਈਆਂ ਵੱਲ ਵੇਖ ਰਿਹਾ ਸੀ। ਉਸਨੂੰ ਇਹ ਸਨਮਾਨ ਸਮਾਰੋਹ ਅਪਮਾਨ ਸਮਾਰੋਹ ਲੱਗ ਰਿਹਾ ਸੀ।

# ਅਖਬਾਰੀ ਲੀਡਰ

ਪਿਛਲੇ ਦਿਨੀਂ ਬਸੰਤ ਕੁਮਾਰ ਸਾਹਿਬ ਨੇ ਇੱਕ ਸਮਾਗਮ ਦੌਰਾਨ ਆਖਿਆ ਕਿ, "ਲੋਕਾਂ ਦੇ ਦਿਲਾਂ ਤੇ ਰਾਜ ਕਰੋ ਨਾ ਕਿ ਅਖਬਾਰੀ ਲੀਡਰ ਬਣੋ। ਲੋਕਾਂ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਇਹਨਾਂ ਅਖਬਾਰੀ ਲੀਡਰਾਂ ਤੋਂ ਬਚੋ।" ਜਦੋਂ ਬਸੰਤ ਕੁਮਾਰ ਸਾਹਿਬ ਬੋਲ ਕੇ ਬੈਠ ਗਏ। ਮੈਂ ਨੇੜੇ ਹੋ ਕੇ ਕਿਹਾ, "ਬਸੰਤ ਕੁਮਾਰ ਮੈਂ ਤਾਂ ਇਹ ਸ਼ਬਦ ਪਹਿਲੀ ਵੇਰ ਸੁਣਿਆ ਹੈ। ਜੇ ਤੁਸੀਂ ਇਸਦੇ ਅਰਥ ਦੱਸੋਗੇ ਫਿਰ ਹੀ ਅਸੀਂ ਇਹਨਾਂ ਤੋਂ ਬਚਾਂਗੇ।" "ਅੱਛਾ! ਅਜੇ ਤੱਕ ਤੈਨੂੰ ਅਖਬਾਰੀ ਲੀਡਰਾਂ ਦਾ ਵੀ ਪਤਾ ਨਹੀਂ। ਵਾਹ ਬਈ ਵਾਹ ਜੋ ਤੈਨੂੰ ਪੜ੍ਹੇ ਲਿਖੇ ਨੂੰ ਵੀ ਨਹੀਂ ਪਤਾ ਤਾਂ ਅਨਪੜ੍ਹ ਜਾਂ ਘੱਟ ਪੜ੍ਹਿਆਂ ਲਿਖਿਆਂ ਨੂੰ ਕੀ ਪਤਾ ਹੋਵੇਗਾ। ਲੈ ਸੁਣ ਲੈ ਅਖਬਾਰੀ ਲੀਡਰ ਕਿਹੜੇ ਹੁੰਦੇ ਹਨ। ਸਮਾਗਮ ਕਿਸੇ ਦਾ ਹੁੰਦਾ ਹੈ, ਫੋਟੋ ਖਿਚਵਾਉਣ ਵੇਲੇ ਸਭ ਤੋਂ ਮੂਹਰੇ ਇਹ ਹੁੰਦੇ ਹਨ। ਸਨਮਾਨਿਤ ਮੁੱਖ ਮਹਿਮਾਨ ਨੂੰ ਕਰ ਰਹੇ ਹੁੰਦੇ ਹਨ, ਇਹ ਇਸ ਤਰ੍ਹਾਂ ਖੜ੍ਹੇ ਹੁੰਦੇ ਹਨ ਜਿਵੇਂ ਮੁੱਖ ਮਹਿਮਾਨ ਇਹਨਾਂ ਨੂੰ ਸਨਮਾਨਿਤ ਕਰ ਰਿਹਾ ਹੋਵੇ। ਕਈ ਸਮਾਗਮਾਂ ਵਿੱਚ ਤਾਂ ਇਹ ਪਹੁੰਚਦੇ ਵੀ ਨਹੀਂ ਪਰ ਅਗਲੇ ਦਿਨ ਅਖਬਾਰਾਂ ਵਿੱਚ ਇਹਨਾਂ ਦਾ ਨਾਂ ਵੀ ਹੁੰਦਾ ਹੈ। ਭਾਵ ਕਿ ਚੁੱਲ੍ਹਾ ਕੋਈ ਬਣਾਉਂਦਾ ਹੈ, ਬਾਲਣ ਕੋਈ ਡਾਹੁੰਦਾ, ਤਵਾ ਕੋਈ ਰੱਖਦਾ। ਇਹ ਪੇੜਾ ਤਿਆਰ ਰੱਖਦੇ ਹਨ, ਰੋਟੀ ਲਾਹ ਕੇ ਤੁਰ ਜਾਂਦੇ ਹਨ। ਕਈ ਵੇਰ ਸਟੇਜ ਤੋਂ ਇਹ ਬੋਲੇ ਇੱਕ ਸ਼ਬਦ ਵੀ ਨਹੀਂ ਹੁੰਦੇ ਅਖਬਾਰ ਵਿੱਚ ਇਹਨਾਂ ਦੇ ਧੜੱਲੇਦਾਰ ਭਾਸ਼ਨ ਦੀ ਗੱਲ ਲਿਖੀ ਹੁੰਦੀ ਹੈ। ਆਮ ਲੋਕ ਅਖਬਾਰਾਂ ਵਿੱਚ ਫੋਟੋ ਵੇਖਕੇ ਤੇ ਨਾਂ ਪੜ੍ਹਕੇ ਇਹਨਾਂ ਨੂੰ ਵਧਾਈ ਦੇਂਦੇ ਹਨ। ਇਹ ਸਵਾ ਵਧਾਈ ਕਹਿ ਕੇ ਸਵੀਕਾਰ ਕਰੀ ਜਾਂਦੇ ਹਨ। ਪੱਤਰਕਾਰਾਂ ਨਾਲ ਇਹ ਆਪਣੀ ਪੂਰੀ ਸੀਟੀ ਰਲਾ ਕੇ ਰੱਖਦੇ ਹਨ।



ਫਿਰ ਏਸੇ ਚਰਚਾ ਦੇ ਭੁਲੇਖੇ ਇਹ ਛੋਟੀ ਮੋਟੀ ਚੋਣ ਲੜਦੇ ਹਨ। ਉੱਥੇ ਤਾਂ ਸਟੇਜਾਂ ਉੱਪਰ ਬੋਲਣਾ ਵੀ ਪੈਂਦਾ ਹੈ। ਸਟੇਜ ਵੀ ਆਪਣੇ ਪੈਸੇ ਦੀ ਬਣਾਉਣੀ ਪੈਂਦੀ ਹੈ। ਹੋਰ ਅਨੇਕਾਂ ਥਾਂ ਪੈਸੇ ਖਰਚ ਕਰਨੇ ਹੁੰਦੇ ਹਨ।"

"ਫਿਰ ਕੀ ਹੁੰਦਾ ਹੈ?"

"ਪਹਿਲਾਂ ਇਹ ਜਨਤਾ ਨੂੰ ਗੁਮਰਾਹ ਕਰਦੇ ਹਨ, ਫਿਰ ਜਨਤਾ ਇਹਨਾਂ ਨੂੰ ਗੁਮਰਾਹ ਕਰ ਜਾਂਦੀ ਹੈ।"

"ਫਿਰ ਕੀ ਹੁੰਦਾ ਹੈ?"

"ਫਿਰ ਕੀ ਹੋਣਾ। ਜ਼ਮਾਨਤ ਜ਼ਬਤ ਹੋ ਜਾਂਦੀ ਹੈ।" ਇਹ ਸੁਣ ਕੇ ਸਾਰਾ ਪ੍ਰਧਾਨਗੀ ਮੰਡਲ ਤਾੜੀ ਮਾਰ ਕੇ ਜ਼ੋਰ ਨਾਲ ਹੱਸਿਆ।

# ਮਾਂ ਦਾ ਮੁੱਲ

ਡਰਾਈਵਰ ਨੇ ਬੜੀ ਕੋਸ਼ਿਸ਼ ਕੀਤੀ। ਫਿਰ ਵੀ ਮਾਈ ਦੇ ਫੇਟ ਲੱਗਣ ਨਾਲ ਥੱਲੇ ਡਿਗਦੇ ਸਾਰ ਹੀ ਮੌਤ ਹੋ ਗਈ। ਭੀੜ ਇਕੱਠੀ ਹੋ ਗਈ। ਨੇੜੇ ਹੀ ਪਿੰਡ ਹੋਣ ਕਾਰਨ ਉਸਦੇ ਪੁੱਤਰਾਂ ਨੂੰ ਬੁਲਾ ਲਿਆ ਗਿਆ। ਡਰਾਈਵਰ ਨੇ ਸਮਾਂ ਮਿਲਣ ਦੇ ਬਾਵਜੂਦ ਵੀ ਉਥੋਂ ਖਿਸਕਣ ਦੀ ਕੋਸ਼ਿਸ਼ ਨਹੀਂ ਕੀਤੀ। ਭੀੜ 'ਚੋਂ ਕਈਆਂ ਨੇ ਆਖਿਆ, "ਕੋਈ ਤੇਰੇ ਗਲ਼ ਨਾ ਪਵੇ, ਥੋੜ੍ਹੇ ਸਮੇਂ ਲਈ ਤੂੰ ਆਸਾ ਪਾਸਾ ਕਰ ਜਾ।" ਪਰ ਉਸ ਮਾਂ ਦੇ ਲਾਲ ਨੇ ਭੱਜਣ ਦੀ ਬਜਾਏ ਉੱਥੇ ਖੜ੍ਹਨ ਨੂੰ ਪਹਿਲ ਦਿੱਤੀ ਸਗੋਂ ਭੀੜ ਨੂੰ ਆਖਿਆ ਕਿ ਜਦੋਂ ਵੀ ਇਸਦੇ ਵਾਰਸ ਆਏ ਤੁਸੀਂ ਜੋ ਵੀ ਵੇਖਿਆ ਉਹਨਾਂ ਨੂੰ ਸੱਚੋ ਸੱਚ ਦੱਸ ਦਿਓ।" ਉਸਦੇ ਪੁੱਤਰ ਆ ਗਏ। ਆਉਣ ਸਾਰ ਹੀ ਡਰਾਈਵਰ ਦੇ ਗਲ਼ ਪੈਣ ਲੱਗੇ ਤਾਂ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਇਸਦਾ ਕੋਈ ਕਸੂਰ ਨਹੀਂ। ਗੱਡੀ ਰੋਕੀ ਵੀ, ਵੱਟੀ ਵੀ, ਹਾਰਨ ਵੀ ਬੜੇ ਮਾਰੇ ਪਰ ਮਾਈ ਘਬਰਾਅ ਗਈ ਜਿਸ ਕਰਕੇ ਇਹ ਦੁੱਖ-ਦਾਈ ਭਾਣਾ ਵਾਪਰ ਗਿਆ।" ਭੀੜ 'ਚੋਂ ਹੀ ਕਿਸੇ ਨੇ ਪੁੱਤਰਾਂ ਨੂੰ ਆਖ ਦਿੱਤਾ, "ਕੇਸ ਕੀਤਿਆਂ ਕੁਝ ਨਹੀਂ ਬਣਨਾ ਸਿਰਫ ਖੱਜਲ ਖੁਆਰੀ ਪੱਲੇ ਪਊ। ਕੁਝ ਲੈ ਕੇ ਸਮਝੌਤਾ ਕਰ ਲਵੋ।" ਲਾਲਚੀ ਪੁੱਤਰਾਂ ਨੇ ਪੰਜਾਹ ਹਜ਼ਾਰ ਰੁਪਈਆ ਮੰਗਿਆ। ਅਖੀਰ ਪੱਚੀ ਹਜ਼ਾਰ ਵਿੱਚ ਸਮਝੌਤਾ ਹੋ ਗਿਆ। ਡਰਾਈਵਰ ਨੇ ਭੀੜ 'ਚੋਂ ਕੁਝ ਸਿਆਣੇ ਬੰਦਿਆਂ ਨੂੰ ਆਖਿਆ, "ਕਿ ਮਾਂ ਦੀ ਲਾਸ਼ ਮੇਰੇ ਨਾਲ ਗੱਡੀ 'ਚ ਰਖਾਓ ਕਿਉਂਕਿ ਜਿਸ ਚੀਜ਼ ਦਾ ਕੋਈ ਮੁੱਲ ਤਾਰ ਦੇਵੇ ਉਹ ਉਸਦੀ ਹੋ ਜਾਂਦੀ ਹੈ। ਇਹ ਮਾਂ ਇਹਨਾਂ ਦੀ ਨਹੀਂ, ਮੇਰੀ ਮਾਂ ਹੈ, ਮੈਂ ਮਾਂ ਦਾ ਮੁੱਲ ਤਾਰਿਆ ਹੈ। ਮਾਂ ਦੇ ਸੁਲੱਗ ਪੁੱਤਰੋ ਮੈਂ ਹੀ ਇਸਦਾ ਸਸਕਾਰ ਕਰਾਂਗਾ। ਮੈਂ ਹੀ ਭੋਗ ਪਾਵਾਂਗਾ। ਤੁਹਾਨੂੰ ਸੁਨੇਹਾ ਭੇਜਾਂਗਾ। ਜੇ ਸਮਾਂ ਹੋਇਆ ਤਾਂ ਭੋਗ 'ਤੇ ਆ ਜਾਣਾ।" ਭਰੀ ਭੀੜ 'ਚ ਮਾਂ ਦਾ ਮੁੱਲ ਪਾਉਣ ਵਾਲੇ ਪੁੱਤਰ ਬੜੇ ਸ਼ਰਮਿੰਦੇ ਹੋਏ ਧਰਤੀ ਨੇ ਗਰਕਣ ਦੀ ਵੇਹਲ ਨਾ ਦਿੱਤੀ। ਆਪਣੀ ਬੱਜਰ ਗਲਤੀ ਦਾ ਅਹਿਸਾਸ ਕਰਦਿਆਂ ਉਲਟਾ ਡਰਾਈਵਰ ਤੋਂ ਮੁਆਫ਼ੀ ਮੰਗ ਕੇ ਖਹਿੜਾ ਛੁਡਵਾਇਆ।



# ਪਾਠਕ

ਲੇਖਕ ਦੇ ਦੋਸਤ ਨੇ ਲੇਖਕ ਨੂੰ ਪੁੱਛਿਆ ਕਿ, "ਪੰਜਾਬੀ ਸਾਹਿਤ ਦੇ ਪਾਠਕਾਂ ਦੀ ਗਿਣਤੀ ਕਿੰਨੀ ਕੁ ਹੈ।" ਲੇਖਕ ਨੇ ਜਵਾਬ ਦਿੱਤਾ, "ਆਟੇ 'ਚ ਲੂਣ ਦੇ ਬਰਾਬਰ।" "ਤੁਸੀਂ ਵੇਖਿਆ ਹੋਵੇਗਾ ਕੋਈ ਆਦਮੀ ਬੜੀ ਮੁਸ਼ਕਲ ਨਾਲ ਜੱਕਾਂ ਤੱਕਾਂ ਕਰਦਾ ਦੋ ਰੁਪਏ ਦਾ ਅਖਬਾਰ ਖਰੀਦਦਾ ਹੈ। ਜਦੋਂ ਅੱਡੇ ਤੋਂ ਬੱਸ ਵਿੱਚ ਬਹਿੰਦਾ ਹੈ ਤਾਂ ਨਾਲ ਦੀ ਸੀਟ ਵਾਲੇ ਉਦੋਂ ਹੀ ਲਲਚਾਈਆਂ ਅੱਖਾਂ ਨਾਲ ਵੇਖਣ ਲੱਗ ਜਾਂਦੇ ਹਨ। ਜਦੋਂ ਉਹ ਅਖ਼ਬਾਰ ਪੜ੍ਹਨ ਲਈ ਖੋਲ੍ਹਣ ਲਗਦਾ ਹੈ ਤਾਂ ਝੱਟ ਨਾਲ ਵਾਲੇ ਆਖ ਦੇਣਗੇ, "ਆ ਵਿਚਕਾਰਲਾ ਵਰਕਾ ਦਿਓ ਜੀ। ਜਿਹੜੇ ਮੁਲਕ ਵਿੱਚ ਦੋ ਤਿੰਨ ਰੁਪਏ ਅਖਬਾਰ ਤੇ ਨਾ ਲਾ ਸਕਦੇ ਹੋਣ ਉੱਥੇ ਪਾਠਕ ਕਿੱਥੇ ਭਾਲਦੇ ਆਂ।" ਜਿਹੜੀਆਂ ਤੁਸੀਂ ਐਨੀਆਂ ਕਿਤਾਬਾਂ ਧੜਾ ਧੜ ਛਾਪ ਰਹੇ ਹੋ ਅਕਸਰ ਕੋਈ ਤਾਂ ਪੜ੍ਹਦਾ ਹੋਵੇਗਾ।"

"ਇਹ ਕਿਤਾਬਾਂ ਛਪਵਾਉਣੀਆਂ ਵੀ ਲੇਖਕ ਦੀ ਮਜ਼ਬੂਰੀ ਹੁੰਦੀ ਹੈ। ਨਹੀਂ ਤਾਂ ਦੂਸਰੇ ਲੇਖਕ ਅਤੇ ਲੋਕ ਉਸਨੂੰ ਲੇਖਕ ਮੰਨਣ ਨੂੰ ਹੀ ਤਿਆਰ ਨਹੀਂ।" ਚਲੋ ਇਹ ਛੱਡੋ ਜਿਹੜੀਆਂ ਕਿਤਾਬਾਂ ਤੁਸੀਂ ਆਪਣੇ ਮਿੱਤਰ ਪਿਆਰਿਆਂ ਨੂੰ ਭੇਟ ਕਰਦੇ ਹੋਵੋਗੇ ਉਹ ਤਾਂ ਜ਼ਰੂਰ ਪੜ੍ਹਦੇ ਹੋਣਗੇ।" "ਮੁਫਤ 'ਚ ਮਿਲੀ ਚੀਜ਼ ਦੀ ਕੌਣ ਕਦਰ ਕਰਦਾ ਹੈ। ਉਹ ਮੁਫ਼ਤ 'ਚ ਮਿਲੀ ਕਿਤਾਬ ਨੂੰ ਜਾਂ ਤਾਂ ਰਸਤੇ ਵਿੱਚ ਹੀ ਕਿਸੇ ਹੋਰ ਨੂੰ ਫੜ੍ਹਾ ਜਾਣਗੇ ਜਾਂ ਫਿਰ ਘਰ ਦੀ ਕਿਸੇ ਗੁੱਠ ਵਿੱਚ ਜਾ ਸੁੱਟਦੇ ਹਨ।"

"ਚਲੋ ਇਹ ਵੀ ਛੱਡੋ, ਜਦੋਂ ਇੱਕ ਲੇਖਕ ਦੂਜੇ ਲੇਖਕ ਨੂੰ ਕਿਤਾਬ ਭੇਟ ਕਰਦਾ ਹੈ ਉਹ ਤਾਂ ਪੂਰੀ ਰੀਝ ਨਾਲ ਪੜ੍ਹਦਾ ਹੋਵੇਗਾ।"

"ਛੱਡ ਯਾਰ ਲੇਖਕ ਤਾਂ ਦੂਜੇ ਲੇਖਕਾਂ ਨੂੰ ਇਹ ਦੱਸਣ ਲਈ ਹੀ ਕਿਤਾਬ ਭੇਟ ਕਰਦਾ ਹੈ ਕਿ ਤੁਸੀਂ ਕੀ ਸਮਝਦੇ ਹੋ। ਅਸੀਂ ਹੀ ਕਿਤਾਬਾਂ ਛਪਵਾ ਸਕਦੇ ਹਾਂ। ਆ ਚੁੱਕੋ ਮੈਂ ਵੀ ਕਿਤਾਬ ਛਪਵਾ ਲਈ। ਰਹੀ ਗੱਲ ਪੜ੍ਹਨ ਦੀ। ਜੇ ਕੋਈ ਲੇਖਕ ਆਪ ਤੋਂ ਬਿਨਾਂ ਕਿਸੇ ਹੋਰ ਲੇਖਕ ਨੂੰ ਲੇਖਕ ਸਮਝੂ ਤਾਂ ਹੀ ਕਿਤਾਬ ਪੜ੍ਹੇਗਾ।" ਪ੍ਰਸ਼ਨ ਕਰਨ ਵਾਲਾ ਮਾਂ ਬੋਲੀ ਦੀ ਦੁਰਦਸ਼ਾ ਸੁਣ ਕੇ ਚੁੱਪ ਦੇ ਡੂੰਘੇ ਸਮੁੰਦਰਾਂ ਵਿੱਚ ਡੁੱਬ ਗਿਆ ਸੀ।

*(ਅਜੀਤ : 11.4.2003)*

# ਯੂ. ਐਨ. ਓ.

ਹਿਸਟਰੀ ਦਾ ਅਧਿਆਪਕ ਜਮਾਤ ਨੂੰ ਬੜੇ ਜ਼ੋਰ ਸ਼ੋਰ ਨਾਲ ਯੂ. ਐਨ. ਓ. ਬਾਰੇ ਦੱਸ ਰਿਹਾ ਸੀ। "ਇਹ ਦੇਸ਼ਾਂ ਦੀ ਸਾਂਝੀ ਸੰਸਥਾ ਹੈ। ਜਿਵੇਂ ਆਪਣੇ ਪਿੰਡਾਂ ਵਿੱਚ ਪੰਚਾਇਤ ਹੁੰਦੀ ਹੈ। ਦੇਸ਼ਾਂ ਦੇ ਛੋਟੇ ਮੋਟੇ ਝਗੜੇ ਮਿਲ ਬੈਠ ਕੇ ਨਜਿੱਠਣੇ। ਤਕੜਾ ਮੁਲਕ ਮਾੜੇ ਜਾਂ ਕਮਜ਼ੋਰ ਮੁਲਕ ਨਾਲ ਧੱਕਾ ਨਾ ਕਰੇ, ਉਸਨੂੰ ਵੀ ਰੋਕਣਾ। ਗੱਲ ਕੀ, ਪੂਰੀ ਦੁਨੀਆਂ ਵਿੱਚ ਸ਼ਾਂਤੀ ਬਣਾਈ ਰੱਖਣੀ ਇਸਦਾ ਮੁੱਖ ਕਾਰਜ ਹੈ। ਇੱਕ ਸ਼ਰਾਰਤੀ ਪਰ ਦਿਮਾਗੀ ਲੜਕਾ ਉਠਿਆ, "ਮਾਸਟਰ ਜੀ ਗੁੱਸਾ ਨਾ ਕਰਿਓ, ਤੁਹਾਨੂੰ ਅੱਧਾ ਘੰਟਾ ਹੋ ਗਿਆ ਯੂ. ਐਨ. ਓ. ਦੇ ਗੁਣ ਗਾਉਂਦਿਆਂ ਨੂੰ। ਜਦੋਂ ਅਮੀਰ ਅਮਰੀਕਾ ਨੇ ਗਰੀਬ ਇਰਾਕ ਤੇ ਹਮਲਾ ਕਰਕੇ ਉਸਨੂੰ ਤਹਿਸ ਨਹਿਸ ਕਰ ਦਿੱਤਾ ਸੀ, ਉਦੋਂ ਤੁਹਾਡੀ ਯੂ. ਐਨ. ਓ. ਛੁੱਟੀ 'ਤੇ ਗਈ ਹੋਈ ਸੀ?" ਅਧਿਆਪਕ ਲਾਜਵਾਬ ਸੀ।

*(ਅਜੀਤ : 4.5.2003)*



# ਖਰੀਆਂ-ਖਰੀਆਂ

"ਵੀਰ ਜੀ ਮੈਂ ਤੁਹਾਨੂੰ ਕਦੋਂ ਦਾ ਕਹਿਣ ਨੂੰ ਫਿਰਦਾ ਸੀ ਕਿ ਭਾਬੀ ਜੀ ਆਪਣੀ ਬੀਬੀ ਦਾ ਪੂਰਾ ਖਿਆਲ ਨਹੀਂ ਰੱਖਦੇ। ਰੋਟੀ ਪਾਣੀ ਵੀ ਸਮੇਂ ਸਿਰ ਨਹੀਂ ਦੇਂਦੇ। ਕੱਪੜੇ ਵੀ ਧੋਣ ਤੋਂ ਸੰਕੋਚ ਹੀ ਕਰਦੇ ਨੇ। ਮਾਂ ਨੂੰ ਬਣਦਾ ਸਤਿਕਾਰ ਵੀ ਨਹੀਂ ਮਿਲ ਰਿਹਾ। ਮਾਂ ਨੇ ਅੱਜ ਭੁੱਬਾਂ ਮਾਰਦੀ ਹੋਈ ਨੇ ਦੱਸਿਆ ਕਿ ਧੀਏ ਮੇਰੇ ਜੀਣ ਦਾ ਹੁਣ ਕੋਈ ਹੱਜ ਨਹੀਂ ਰਿਹਾ। ਜੀਅ ਕਰਦਾ ਕਿਸੇ ਖੂਹ ਖਾਤੇ ਪੈ ਜਾਵਾਂ।" ਪੇਕੇ ਮਿਲਣ ਆਈ ਭੈਣ ਨੇ ਆਪਣੇ ਵੀਰ ਨਾਲ ਮਾਂ ਦਾ ਦੁੱਖ ਸਾਂਝਾ ਕਰਦਿਆਂ ਇਹ ਵੀ ਆਖਿਆ ਕਿ ਮੈਂ ਤਾਂ ਭਾਬੀ ਜੀ ਨੂੰ ਕਈ ਵੇਰ ਬੜੇ ਪਿਆਰ ਸਤਿਕਾਰ ਨਾਲ ਸਮਝਾ ਚੁੱਕੀ ਹਾਂ। ਪਰ ਉਸ ਤੇ ਕੋਈ ਅਸਰ ਨਹੀਂ ਹੋਇਆ। ਅੱਜ ਅਖੀਰ ਤੁਹਾਨੂੰ ਦੱਸਣ ਲੱਗੀ ਆਂ ਕਿ ਸ਼ਾਇਦ ਤੁਹਾਡੇ ਕਹਿਣ ਨਾਲ ਭਾਬੀ ਜੀ ਤੇ ਕੋਈ ਅਸਰ ਹੋ ਜਾਵੇ।" "ਛੋਟੀਏ ਭੈਣੇ ਗੁੱਸਾ ਨਾ ਕਰੀਂ। ਮੈਂ ਜਦੋਂ ਵੀ ਤੇਰੇ ਸਹੁਰੇ ਗਿਆ ਹਾਂ ਤਾਂ ਤੇਰੀ ਸੱਸ ਨੇ ਤੇਰੀ ਗੈਰਹਾਜਰੀ ਵਿੱਚ ਬੀਬੀ ਵਾਲਾ ਦੁੱਖ ਹੀ ਮੇਰੇ ਨਾਲ ਸਾਂਝਾ ਕੀਤਾ ਹੈ। ਉਹ ਵੀ ਕਹਿੰਦੀ ਹੈ ਕਿ ਪੁੱਤਰਾ ਆਪਣੀ ਛੋਟੀ ਭੈਣ ਨੂੰ ਸਮਝਾ ਜਾਵੀਂ ਮੇਰੀ ਬੜੀ ਦੁਰਦਸ਼ਾ ਕਰਦੀ ਹੈ। ਸ਼ਾਇਦ ਤੇਰਾ ਹੀ ਅਸਰ ਹੋ ਜਾਵੇ। ਸੋ ਇਸ ਕਰਕੇ ਭੈਣੇ ਪਹਿਲਾਂ ਆਪਣੀ ਸੱਸ ਪ੍ਰਤੀ ਆਪਣੇ ਬਣਦੇ ਫਰਜ਼ ਨਿਭਾਓ, ਫਿਰ ਹੀ ਤੇਰੀ ਭਾਬੀ 'ਤੇ ਤੇਰੀਆਂ ਗੱਲਾਂ ਅਤੇ ਸਿੱਖਿਆਵਾਂ ਦਾ ਅਸਰ ਹੋਵੇਗਾ। ਜਿੰਨਾ ਆਪਣੀ ਮਾਂ ਦਾ ਫਿਕਰ ਕਰਦੀ ਏਂ ਉਨਾਂ ਸੱਸ ਦਾ ਵੀ ਕਰਿਆ ਕਰ। ਉਹ ਵੀ ਕਿਸੇ ਦੀ ਮਾਂ ਹੈ।" ਭਰਾ ਦੀਆਂ ਖਰੀਆਂ-ਖਰੀਆਂ ਤੇ ਸੱਚੀਆਂ ਗੱਲਾਂ ਸੁਣ ਕੇ ਛੋਟੀ ਭੈਣ ਨੂੰ ਦਿਨੇ ਹੀ ਵੱਡੇ-ਵੱਡੇ ਭੰਬੂਤਾਰੇ ਦਿਸਣ ਲੱਗ ਪਏ ਸਨ।

*(ਅਜੀਤ : 9.5.2003)*

# ਗੀਤ

ਮਿਆਰੀ ਤੇ ਸਾਹਿਤਕ ਗੀਤ ਲਿਖਣ ਵਾਲਾ ਗੀਤਕਾਰ ਅੱਜ ਦੁੱਖੀ ਹੋ ਕੇ ਆਪਣੇ ਉਸ ਦੋਸਤ ਗਾਇਕ ਕਲਾਕਾਰ ਦੇ ਘਰ ਘੁੱਟ ਪੀ ਕੇ ਚਲਾ ਗਿਆ। ਜਿਹੜਾ ਕਿ ਉਸਨੂੰ ਅਕਸਰ ਹੀ ਕੈਸਿਟ ਵਿੱਚ ਗੀਤ ਪਾਉਣ ਦਾ ਲਾਰਾ ਲਾ ਕੇ ਗੀਤ ਨਹੀਂ ਸੀ ਪਾਉਂਦਾ, "ਮਿੱਤਰ ਪਿਆਰਿਆ ਅੱਜ ਤੇਰੇ ਨਾਲ ਖੁੱਲ੍ਹੀਆਂ ਤੇ ਖਰੀਆਂ ਗੱਲਾਂ ਕਰਨ ਆਇਆ ਹਾਂ। ਤੂੰ ਹਰ ਕੈਸਿਟ ਬਾਰੇ ਮੇਰੇ ਕੋਲੋਂ ਗੀਤ ਲੈਂਦਾ ਰਿਹਾ ਏਂ। ਪਰ ਜਦੋਂ ਕੈਸਿਟ ਆਉਂਦੀ ਹੈ ਤਾਂ ਮੇਰਾ ਗੀਤ ਨਹੀਂ ਹੁੰਦਾ। ਕੀ ਮੇਰੇ ਗੀਤ ਐਨੇ ਹੀ ਭੈੜੇ ਹੁੰਦੇ ਹਨ ਕਿ ਰੀਕਾਰਡ ਹੋਣ ਦੇ ਯੋਗ ਹੀ ਨਹੀਂ ਹੁੰਦੇ।" ਗੀਤਕਾਰ ਬੋਲਿਆ।

ਗਾਇਕ ਕਲਾਕਾਰ ਕਹਿੰਦਾ, "ਆ ਜਾ ਅੱਜ ਮੇਰਾ ਵੀ ਮੂਡ ਹੈ, ਆਪਾਂ ਇਕੱਠੇ ਦੋ ਪੈਗ ਲਾਉਂਦੇ ਹਾਂ ਤੇ ਖੁੱਲ੍ਹੀਆਂ ਗੱਲਾਂ ਕਰਦੇ ਹਾਂ। ਜਿਹੜਾ ਤੈਨੂੰ ਗੁੱਸਾ ਹੈ ਕਿ ਮੈਂ ਤੈਨੂੰ ਨੂਰਪੁਰੀ ਅਤੇ ਸ਼ਿਵ ਨਾਲ ਤੁਲਣਾ ਦੇਂਦਾ ਰਿਹਾ ਹਾਂ। ਇਹ ਗੱਲ ਮੈਂ ਅੱਜ ਵੀ ਕਹਿੰਦਾ ਹਾਂ ਕਿ ਤੂੰ ਬਹੁਤ ਵਧੀਆ ਲਿਖਦਾਂ, ਮਿਆਰੀ ਲਿਖਦਾਂ ਏ ਸਭਿਆਚਾਰਕ ਗੀਤ ਲਿਖਦਾਂ ਏਂ। ਜਿਹੜਾ ਤੂੰ ਆਖਿਆ ਕਿ ਮੇਰੇ ਗੀਤ ਐਨੇ ਭੈੜੇ ਹੁੰਦੇ ਹਨ, ਜਿਹੜੇ ਕਿ ਰੀਕਾਰਡਿੰਗ ਦੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਕਰਦੇ। ਅਸਲੀਅਤ ਤਾਂ ਇਹ ਹੈ ਕਿ ਤੇਰੇ ਗੀਤ ਭੈੜੇ ਨਹੀਂ ਹਨ। ਜੇ ਭੈੜੇ ਹੁੰਦੇ ਤਾਂ ਕਦੋਂ ਦੇ ਰੀਕਾਰਡ ਹੋ ਜਾਣੇ ਸਨ। ਕੰਪਨੀਆਂ ਜੋ ਅਸ਼ਲੀਲਤਾ ਜਾਂ ਲੱਚਰਤਾ ਚਾਹੁੰਦੀਆਂ ਹਨ, ਉਹ ਤੇਰੇ ਗੀਤਾਂ ਵਿੱਚ ਨਹੀਂ ਹੁੰਦੀ। ਅਸਲ ਤੇ ਚਿੱਟੇ ਦਿਨ ਵਰਗਾ ਸੱਚ ਇਹ ਹੈ।" ਹੁਣ ਗੀਤਕਾਰ ਨੂੰ ਗੁੱਸੇ ਦੀ ਥਾਂ ਬੇਹੱਦ ਖੁਸ਼ੀ ਸੀ ਉਹ ਕਹਿੰਦਾ, "ਚੰਗਾ ਘੁੱਟ ਪਾ ਮੇਰੇ ਗੀਤ ਰੀਕਾਰਡ ਹੋਣ ਜਾਂ ਨਾ ਹੋਣ ਮੈਂ ਘਟੀਆ ਗੀਤਕਾਰ ਬਣਨਾ ਕਦੇ ਵੀ ਪਸੰਦ ਨਹੀਂ ਕਰਾਂਗਾ। ਹਮੇਸ਼ਾ ਵਧੀਆ ਗੀਤਕਾਰ ਅਖਵਾਉਣ ਵਿੱਚ ਹੀ ਫ਼ਖ਼ਰ ਮਹਿਸੂਸ ਕਰਾਂਗਾ।" ਹੁਣ ਦੋਨੋਂ ਦੋਸਤ ਇੱਕ ਦੂਜੇ ਦੀ ਗਲਵੱਕੜੀ ਵਿੱਚ ਸਨ।

*(ਅਜੀਤ : 30.6.2003)*



# ਕਵੀ ਅਲੋਪ

ਸਾਹਿਤਕ ਸਮਾਗਮ ਦੇ ਅਖੀਰ ਵਿੱਚ ਸਮਾਗਮ ਦੇ ਮੁੱਖ ਮਹਿਮਾਨ ਡਾਇਰੈਕਟਰ ਦੂਰਦਰਸ਼ਨ ਵੱਲੋਂ ਸਾਰੇ ਕਵੀਆਂ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ ਗਈ। ਉਸਨੇ ਇਹ ਵੀ ਆਖਿਆ ਕਿ, "ਤੁਸੀਂ ਵੱਖ-ਵੱਖ ਭਖਦੇ ਮਸਲਿਆਂ ਉੱਪਰ ਭਰਪੂਰ ਚਾਨਣਾ ਹੀ ਨਹੀਂ ਪਾਇਆ ਸਗੋਂ ਹਰ ਸਮੱਸਿਆ ਦਾ ਹੱਲ ਵੀ ਦੱਸਿਆ ਹੈ। ਜਿਵੇਂ ਪ੍ਰਦੂਸ਼ਣ, ਵਧਦੀ ਅਬਾਦੀ, ਭਰੂਣ ਹੱਤਿਆ ਦਾਜ ਅਤੇ ਨਸ਼ੇ ਆਦਿ। ਪਰ ਫਿਰ ਵੀ ਮੈਨੂੰ ਇੰਝ ਲੱਗਿਆ ਕਿ ਇੱਕ ਜ਼ਰੂਰੀ ਮਸਲਾ ਤੁਹਾਡੀ ਸਾਰਿਆਂ ਦੀ ਪਕੜ ਤੋਂ ਦੂਰ ਹੀ ਰਿਹਾ ਹੈ। ਤੁਸੀਂ ਕਦੇ ਇਹ ਵੇਖਿਆ ਕਿ ਅੰਬਰ ਤੇ ਇੱਲਾਂ ਅਲੋਪ ਹਨ। ਇਸਦਾ ਕੀ ਕਾਰਨ ਹੈ? ਇੱਲ ਇਨਸਾਨੀ ਜ਼ਿੰਦਗੀ ਲਈ ਕਿੰਨੀ ਸਹਾਈ ਹੈ? ਜਾਂ ਇੱਲਾਂ ਦੇ ਕੀ ਲਾਭ ਹਨ? ਅਜਿਹੇ ਵਿਸ਼ਿਆਂ ਉੱਪਰ ਖੋਜ ਕਰਨ ਦੀ ਲੋੜ ਹੈ। ਲੋਕਾਂ ਨੂੰ ਜਾਗਰੂਕ ਕਰਨ ਦੀ ਵਧੇਰੇ ਲੋੜ ਹੈ। ਮੈਂ ਇੱਕ ਵਾਰ ਫਿਰ ਸਾਰੇ ਕਵੀਆਂ ਦਾ ਖੂਬਸੂਰਤ ਰਚਨਾਵਾਂ ਲਿਖਣ ਲਈ ਸਵਾਗਤ ਕਰਦਾ ਹਾਂ। ਜੈ ਹਿੰਦ।" ਇਹ ਕਹਿਕੇ ਉਹ ਆਪਣੀ ਸੀਟ ਤੇ ਜਾ ਬੈਠੇ। ਏਨੇ ਚਿਰ ਨੂੰ ਇੱਕ ਕਵੀ ਉੱਠਿਆ ਕਿ, "ਅਸੀਂ ਤੁਹਾਨੂੰ ਵਿਸ਼ਵਾਸ ਦੁਆਉਂਦੇ ਹਾਂ ਕਿ ਅਸੀਂ ਇਹ ਵੀ ਖੋਜ ਕਰਾਂਗੇ ਕਿ ਇੱਲਾਂ ਅਕਾਸ਼ 'ਚੋਂ ਕਿਉਂ ਅਲੋਪ ਹੋਈਆਂ ਹਨ। ਉਹਨਾਂ ਦੇ ਮਨੁੱਖਤਾ ਨੂੰ ਕੀ ਲਾਭ ਹਨ। ਪਰ ਤੁਸੀਂ ਮਾਈਂਡ ਨਾ ਕਰਨਾ ਤੁਸੀਂ ਵੀ ਅੱਜ ਇਕਾਂਤ 'ਚ ਬੈਠ ਕੇ ਸੋਚਿਓ ਕਿ ਤੁਹਾਡੇ ਦੂਰਦਰਸ਼ਨ 'ਤੋਂ ਪਿਛਲੇ ਲੰਬੇ ਸਮੇਂ ਤੋਂ ਕਵੀ ਕਿਉਂ ਅਲੋਪ ਹਨ? ਉਸਦੇ ਕੀ ਕਾਰਨ ਹਨ? ਕਵੀਆਂ ਦੇ ਮਨੁੱਖਤਾ ਨੂੰ ਕੀ ਲਾਭ ਹਨ? ਜਿਉਂ ਹੀ ਉਸ ਕਵੀ ਨੇ ਇਹ ਲਾਈਨਾਂ ਆਖੀਆਂ ਤਾ ਸਾਰੇ ਕਵੀਆਂ ਅਤੇ ਹੋਰ ਸਾਹਿਤਕਾਰਾਂ ਨੇ ਜ਼ੋਰਦਾਰ ਤਾੜੀਆਂ ਵਜਾ ਕੇ ਉਸਦੀ ਕਹੀ ਗੱਲ ਦਾ ਭਰਪੂਰ ਸਮਰਥਨ ਕੀਤਾ।" ਹੁਣ ਮੁੱਖ ਮਹਿਮਾਨ ਨੂੰ ਉਹ ਤਾੜੀਆਂ ਇੰਝ ਲੱਗ ਰਹੀਆਂ ਸਨ। ਜਿਵੇਂ ਉਸਦੇ ਮੂੰਹ ਉੱਪਰ ਕਰਾਰੀਆਂ ਚਪੇੜਾਂ ਵੱਜ ਰਹੀਆਂ ਹੋਣ।

*(ਅਜੀਤ : 30.6.2003)*

# ਵੱਡਾ ਕੀਤਾ

ਸ਼ਰਧਾਂਜਲੀ ਸਮਾਗਮ ਵਿੱਚ ਅਖੀਰਲਾ ਬੁਲਾਰਾ ਬੋਲ ਰਿਹਾ ਸੀ, "ਮੈਨੂੰ ਸਮਝ ਨਹੀਂ ਆਉਂਦੀ ਕਿ ਮੇਰੇ ਤੋਂ ਪਹਿਲਾਂ ਵੀ ਬੁਲਾਰੇ ਬੋਲ ਕੇ ਗਏ ਹਨ ਕਿ ਮਨਜੀਤ ਸਿੰਘ ਦੀ ਉਮਰ ਬੜੀ ਘੱਟ ਸੀ ਉਸਦੇ ਜਾਣ ਨਾਲ ਪ੍ਰੀਵਾਰ ਜਾਂ ਪਿੰਡ ਨੂੰ ਹੀ ਘਾਟਾ ਨਹੀਂ ਪਿਆ ਬਲਕਿ ਪੂਰੇ ਇਲਾਕੇ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਘਰ ਵਿੱਚ ਹੀ ਕੋਈ ਛੋਟਾ ਮੋਟਾ ਘਾਟਾ ਪੈ ਜਾਵੇ ਤਾਂ ਆਪਾਂ ਨੂੰ ਸਾਦੀ ਰੋਟੀ ਵੀ ਸੁਆਦ ਨਹੀਂ ਲੱਗਦੀ ਪਰ ਏਥੇ ਤਾਂ ਮੈਂ ਵੇਖ ਰਿਹਾ ਹਾਂ ਕਿ ਵਿਆਹ ਵਾਂਗਰ ਮਠਿਆਈਆਂ ਬਣੀਆਂ ਹਨ। ਕਈ ਕਿਸਮ ਦੀਆਂ ਦਾਲ਼ਾਂ ਸਬਜ਼ੀਆਂ ਹਨ ਕਿਧਰੇ ਜਲੇਬੀਆਂ ਉੱਡ ਰਹੀਆਂ ਹਨ।" ਉਹ ਬੋਲ ਹੀ ਰਹੇ ਸਨ ਕਿ ਥੱਲਿਉਂ ਅਵਾਜ਼ ਆਈ ਕਿ "ਕੁੜਮ ਸੀ" "ਭਲਿਓ ਮਾਣਸੋ! ਕੁੜਮ ਦੀ ਮੌਤ ਕੋਈ ਖੁਸ਼ੀ ਵਾਲੀ ਮੌਤ ਹੈ। ਮੈਂ ਖੁਦ 45 ਸਾਲ ਦਾ ਕੁੜਮ ਹਾਂ। ਕੀ ਮੈਨੂੰ ਹੁਣ ਕੁਝ ਹੋ ਜਾਵੇ ਤਾਂ ਤੁਸੀਂ ਮੇਰੇ ਪਰਿਵਾਰ ਤੋਂ ਮਠਿਆਈਆਂ ਦੀ ਆਸ ਰੱਖੋਗੇ।" "ਨਹੀਂ ਜੀ ਵੱਡਾ ਕੀਤਾ।" ਥੱਲਿਉਂ ਫਿਰ ਇੱਕ ਅਵਾਜ਼ ਆਈ, "ਬੜੇ ਅਫਸੋਸ ਦੀ ਗੱਲ ਹੈ ਕਿ ਜਿਸਨੇ ਜ਼ਿੰਦਗੀ ਵਿੱਚ ਐਡੇ ਵੱਡੇ ਕੰਮ ਕੀਤੇ ਹੋਣ ਐਨੀ ਉੱਚੀ ਸੁੱਚੀ ਸੋਚ ਰੱਖੀ ਹੋਵੇ। ਉਹਨੂੰ ਵੀ ਤੁਹਾਨੂੰ ਵੱਡਾ ਕਰਨਾ ਪਵੇਗਾ। ਉਸਨੇ ਤਾਂ ਆਪਣੇ ਮਾਂ ਬਾਪ ਦੀ ਮੌਤ ਤੇ ਸਾਦਾ ਰੋਟੀ ਪਾਣੀ ਛਕਾ ਕੇ ਇੱਕ ਮਿਸਾਲ ਕਾਇਮ ਕੀਤੀ ਸੀ। ਤੁਸੀਂ ਉਸਨੂੰ ਵੱਡਾ ਨਹੀਂ ਕੀਤਾ ਬਲਕਿ ਛੋਟਾ ਕੀਤਾ ਹੈ। ਜੇ ਕਿਤੇ ਉਸਦੀ ਰੂਹ ਅੱਜ ਇਹ ਸਭ ਕੁਝ ਵੇਖ ਰਹੀ ਹੋਵੇਗੀ ਤਾਂ ਚੀਕ ਕੇ ਬਿਹਬਲ ਹੋ ਕੇ ਬੇਹੋਸ਼ ਹੋ ਗਈ ਹੋਵੇਗੀ। ਇਸ ਮਹਾਨ ਵਿਅਕਤੀ ਨੂੰ ਅਸਲ ਵਿੱਚ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਅੱਜ ਸਾਰੀ ਸੰਗਤ ਪ੍ਰਣ ਕਰਕੇ ਜਾਈਏ ਕਿ ਕਿਸੇ ਕਿਸਮ ਦੀ ਮੌਤ ਤੇ ਮਠਿਆਈਆਂ ਨਹੀਂ ਹੋਣਗੀਆਂ। ਸਿਰਫ ਤੇ ਸਿਰਫ ਸਾਦਾ ਪ੍ਰਸ਼ਾਦਾ ਛਕਾਇਆ ਜਾਵੇਗਾ। ਵੱਡੇ ਕਰਨ ਤੇ ਜੋ ਫਜ਼ੂਲ ਖਰਚੀ ਕਰਦੇ ਹੋ ਉਹ ਜਾਣ ਵਾਲੇ ਤੇ ਜਿਉਂਦੇ ਜੀਅ ਉਸਦੀ ਸੇਵਾ ਸੰਭਾਲ ਅਤੇ ਦਵਾਈਆਂ ਆਦਿ ਤੇ ਕਰੋ।" ਆਖਰੀ ਬੁਲਾਰੇ ਜਸਦੇਵ ਸਿੰਘ ਲਲਤੋਂ ਦੀਆਂ ਖਰੀਆਂ-ਖਰੀਆਂ ਅਤੇ ਸੱਚੀਆਂ ਗੱਲਾਂ ਸੁਣ ਕੇ ਸਾਰੀ ਸੰਗਤ ਅਸ਼ ਅਸ਼ ਕਰ ਉੱਠੀ ਸੀ। ਬਜ਼ੁਰਗਾਂ ਦੇ ਮੂੰਹੋਂ ਆਪ ਮੁਹਾਰੇ ਨਿਕਲ ਰਿਹਾ ਸੀ, "ਜਿਉਂਦਾ ਰਹੁ ਪੁੱਤਰਾ ਅੱਖਾਂ ਖੋਲ੍ਹ ਦਿੱਤੀਆਂ।"

*(ਅਜੀਤ 14.3.2004)*



# ਫੋਕੀ ਸ਼ੋਹਰਤ

ਪੱਤਰਕਾਰ ਰਾਜ ਕੁਮਾਰ ਜੋਸ਼ੀ ਅੱਜ ਬੇਹੱਦ ਦੁੱਖੀ ਮੁਦਰਾ ਵਿੱਚ ਬੈਠਾ ਸੀ। ਉਸਦੇ ਦੋਸਤ ਹਰਜੀਤ ਸਿੰਘ ਨੇ ਆ ਕੇ ਪੁੱਛਿਆ ਕਿ, "ਪੱਤਰਕਾਰ ਸਾਹਿਬ ਤੁਹਾਨੂੰ ਉਦਾਸ ਤਾਂ ਕਦੇ ਕਦੇ ਜ਼ਰੂਰ ਵੇਖਿਆ ਹੈ ਪਰ ਐਨਾ ਦੁੱਖੀ ਨਹੀਂ ਵੇਖਿਆ ਸੀ ਕੀ ਗੱਲ ਸੁੱਖ ਹੈ?" "ਬਸ ਯਾਰ ਪੁੱਛ ਨਾ।" "ਨਹੀਂ ਫਿਰ ਵੀ ਪਤਾ ਤਾਂ ਲੱਗੇ।" ਯਾਰ ਜਦੋਂ ਕੋਈ ਖਾਸ ਬੰਦਾ ਮਰਦਾ ਹੈ ਤਾਂ ਝੱਟ ਫੋਕੀ ਸ਼ੋਹਰਤ ਵਾਲੇ ਲੋਕਾਂ ਦੇ ਟੈਲੀਫੂਨ ਆਉਣੇ ਸ਼ੁਰੂ ਹੋ ਜਾਂਦੇ ਹਨ ਕਿ ਮੇਰੇ ਵੱਲੋਂ ਵੀ ਦੁੱਖ ਪ੍ਰਗਟ ਕਰ ਦੇਵੀਂ ਚਲੋ ਆਪਾਂ ਨਾਂ ਪਾ ਦੇਨੇ ਆਂ। ਹੁਣ ਵਿਚਾਰਾ ਗੀਤਕਾਰ ਸ਼ਾਹਕੋਟੀ ਮਰਿਆ ਕਈਆਂ ਨੇ ਤਾਂ ਉਸਦੀ ਸ਼ਕਲ ਤੱਕ ਨਹੀਂ ਵੇਖੀ, ਜਿਉਂਦੇ ਜੀਅ ਹਾਲ ਚਾਲ ਨਹੀਂ ਪੁੱਛਿਆ। ਗਰੀਬੀ, ਲਾਚਾਰੀ ਅਤੇ ਬੀਮਾਰੀ ਵਿੱਚ ਉਸਨੇ ਆਪਣੇ ਆਖਰੀ ਦਿਨ ਕੱਟੇ ਹਨ। ਹੁਣ ਵੀ ਫੋਕੀ ਸ਼ੋਹਰਤ ਵਾਲਿਆਂ ਦੇ ਟੈਲੀਫੂਨ ਆ ਰਹੇ ਹਨ। ਸਗੋਂ ਜਿੰਨਾਂ ਨੇ ਸੇਵਾ ਸੰਭਾਲ ਕੀਤੀ ਅਤੇ ਦੇਖ ਭਾਲ ਕੀਤੀ ਹੈ, ਉਨ੍ਹਾਂ ਦਾ ਅਜੇ ਤੱਕ ਵੀ ਟੈਲੀਫੂਨ ਨਹੀਂ ਆਇਆ। ਚੀਚੀ ਨੂੰ ਖ਼ੂਨ ਲਾ ਕੇ ਸ਼ਹੀਦਾਂ 'ਚ ਸ਼ਾਮਲ ਹੋਣ ਵਾਲਿਆਂ ਨੇ ਮੈਨੂੰ ਬੜਾ ਦੁਖੀ ਕੀਤਾ ਹੈ।" "ਜੋਸ਼ੀ ਸਾਹਿਬ, ਪਹਿਲਾਂ ਤਾਂ ਚੀਚੀ ਨੂੰ ਖ਼ੂਨ ਲਾ ਕੇ ਲੋਕ ਸ਼ਹੀਦਾਂ 'ਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੇ ਸਨ, ਹੁਣ ਤਾਂ ਨਹੁੰ ਪਾਲਿਸ਼ ਨਾਲ ਹੀ ਸਾਰ ਲੈਂਦੇ ਹਨ।" ਪੱਤਰਕਾਰ ਨਾਲੋਂ ਵੱਧ ਹੁਣ ਸਵਾਲ ਕਰਨ ਵਾਲਾ ਹਰਜੀਤ ਸਿੰਘ ਦੁਖੀ ਮੁਦਰਾ ਵਿਚ ਸੀ।

# ਕਾਲ਼ਾ ਪੇਂਟਰ

ਕਾਲ਼ੇ ਪੇਂਟਰ ਦੀ ਦੁਕਾਨ ਤੇ ਰੌਲ਼ਾ ਸੁਣ ਕੇ ਆਸੇ ਪਾਸੇ ਦੀਆਂ ਦੁਕਾਨਾਂ ਵਾਲੇ ਵੀ ਆ ਗਏ ਸਨ। ਇੱਕ ਮਾਸਟਰ ਕਾਲ਼ੇ ਪੇਂਟਰ ਨੂੰ ਉੱਚੀ-ਉੱਚੀ ਬੋਲ ਰਿਹਾ ਸੀ ਕਿ, "ਜੇ ਤੂੰ ਕੰਮ ਨਹੀਂ ਕਰਨਾ ਸੀ ਤਾਂ ਜਵਾਬ ਕਿਸੇ ਢੰਗ ਤਰੀਕੇ ਨਾਲ ਤਾਂ ਦੇ। ਤੂੰ ਤਾਂ ਆਏਂ ਬੋਲਿਆ ਜਿਵੇਂ ਕੋਈ ਪੁਰਾਣੀ ਦੁਸ਼ਮਣੀ ਹੁੰਦੀ ਏ।" ਗੁਆਂਢੀ ਦੁਕਾਨਦਾਰਾਂ ਨੇ ਮਾਸਟਰ ਜੀ ਨੂੰ ਪੁੱਛਿਆ ਕਿ, "ਸਰਦਾਰ ਜੀ ਕੀ ਗੱਲ ਹੋ ਗਈ ਏ? ਉਸਨੇ ਨੇ ਦੱਸਿਆ ਕਿ, "ਮੈਂ ਆਪਣੀ ਗੱਡੀ ਦਾ ਨੰਬਰ ਲਿਖਣ ਨੂੰ ਕਿਹਾ ਸੀ। ਅੱਗੋਂ ਵੱਡਾ ਚੌਧਰੀ ਬੋਲਿਆ ਮੇਰੇ ਕੋਲ਼ ਕੋਈ ਸਮਾਂ ਨਹੀਂ। ਤੁਸੀਂ ਜਲਦੀ ਆਪਣੀ ਗੱਡੀ ਨੂੰ ਦੁਕਾਨ ਤੋਂ ਪਰ੍ਹੇ ਲੈ ਜਾਵੋ।" ਅੱਗੋਂ ਪੇਂਟਰ ਬੋਲਿਆ, "ਮਾਸਟਰ ਜੀ ਬਾਕੀ ਗੱਲ ਵੀ ਦੱਸ ਦੇਵੋ ਕਿ ਇਹ ਮੇਰਾ ਸ਼ਾਗਿਰਦ ਹੈ।" "ਹਾਂ ਜੀ ਇਸਨੂੰ ਮੈਂ ਪੜ੍ਹਾਇਆ ਵੀ ਹੈ।" ਗੁਆਂਢੀ ਦੁਕਾਨਦਾਰ ਇਕੱਠੇ ਬੋਲੇ, "ਕਿਉਂ ਬਈ ਕਾਲ਼ੇ ਕੀ ਗੱਲ ਏ?" "ਤੁਹਾਨੂੰ ਇਹਨਾਂ ਨੇ ਦੱਸ ਹੀ ਦਿੱਤਾ ਹੈ ਕਿ ਇਹ ਮੇਰਾ ਸ਼ਾਗਿਰਦ ਹੈ। ਇਹ ਤਾਂ ਮੇਰੇ ਉੱਪਰ ਆਏਂ ਅਹਿਸਾਨ ਕਰਦਾ ਸੀ ਜਿਵੇਂ ਮੈਨੂੰ ਐਮ. ਏ. ਕਰਵਾ ਕੇ ਡੀ. ਸੀ. ਲਵਾਤਾ ਹੋਵੇ। ਮੈਂ ਰੁੜ੍ਹ ਖੁੜ੍ਹ ਕੇ ਮਸਾਂ ਚਾਰ ਜਮਾਤਾਂ ਕੀਤੀਆਂ ਹਨ। ਇਹ ਸਖ਼ਸ਼ ਸਾਰੀ ਦਿਹਾੜੀ ਦੂਜੇ ਅਧਿਆਪਕਾਂ ਨਾਲ ਗੱਲਾਂ ਵਿੱਚ ਹੀ ਜੁਟਿਆ ਰਹਿੰਦਾ ਸੀ। ਪਹਿਲਾਂ ਆਉਣ ਸਾਰ ਅਖਬਾਰ ਦਾ 'ਕੱਲਾ 'ਕੱਲਾ ਅੱਖਰ ਪੜ੍ਹਨਾ। ਜਦੋਂ ਕਿਤੇ ਭੁੱਲ ਭੁਲੇਖੇ ਜਮਾਤ ਵਿੱਚ ਆ ਜਾਣਾ ਤਾਂ ਸਾਡੀ ਚੰਗੀ ਛਿੱਤਰ ਪਰੇਡ ਕਰਕੇ ਵਾਪਸ ਮੁੜ ਜਾਣਾ ਅਤੇ ਕਹਿਣਾ ਕਿ ਤੁਸੀਂ ਰੌਲਾ ਪਾਉਂਦੇ ਹੋ। ਸ਼ਰਾਰਤਾਂ ਕਰਦੇ ਹੋ। ਇਸ ਭਲੇ ਮਾਣਸ ਨੂੰ ਪੁੱਛਣ ਵਾਲਾ ਹੋਵੇ ਕਿ ਜਦੋਂ ਮਾਸਟਰ ਜਮਾਤ ਵਿੱਚ ਨਾ ਜਾਊ ਤਾਂ ਬੱਚਿਆਂ ਨੇ ਰੌਲ਼ਾ ਹੀ ਪਾਉਣਾ ਤੇ ਸ਼ਰਾਰਤਾਂ ਵੀ ਕਰਨੀਆਂ। ਸਕੂਲ ਦੇ ਨਾਲ ਹੀ ਜ਼ਮੀਨ ਸੀ। ਜਦੋਂ ਗੱਲਾਂ ਤੋਂ ਵੇਹਲ ਮਿਲਣਾ ਤਾਂ ਉੱਥੇ ਚਲੇ ਜਾਣਾ। ਜਦੋਂ ਸਾਰੀ ਛੁੱਟੀ ਦੀ ਘੰਟੀ ਵੱਜਣੀ ਉਦੋਂ ਵਾਪਸ ਮੁੜਨਾ। ਚਾਹ ਦਾ ਬੜਾ ਸ਼ੌਕੀਨ ਸੀ। ਸਾਨੂੰ ਘਰ ਭੇਜੀ ਰੱਖਣਾ। ਮੇਰੇ ਕਹਿਣ ਤੋਂ ਭਾਵ ਜਦੋਂ



ਸਾਨੂੰ ਪੜ੍ਹਾਉਣ ਲਈ ਇਹਨਾਂ ਕੋਲ ਵੇਹਲ ਨਹੀਂ ਸੀ। ਸੋ ਅੱਜ ਮੇਰੇ ਕੋਲ਼ ਵੀ ਇਸ ਸਖ਼ਸ਼ ਦੇ ਕੰਮ ਲਈ ਕੋਈ ਵੇਹਲ ਨਹੀਂ। ਇਹ ਤਾਂ ਕਿਸੇ ਹੋਰ ਕੋਲ਼ੋਂ ਨੰਬਰ ਲਿਖਾਲੂ ਪਰ ਜਿਹੜੀ ਮੇਰੀ ਜ਼ਿੰਦਗੀ ਖ਼ਰਾਬ ਕੀਤੀ ਹੈ ਇਹ ਕਿਤੋਂ ਵੀ ਠੀਕ ਨਹੀਂ ਹੋਣੀ। ਮਾਸਟਰ ਵਿੱਚੋਂ ਹੀ ਬੋਲ ਪਿਆ, "ਚਲੋ ਕੰਮ ਨਹੀਂ ਕਰਨਾ ਸੀ, ਨਾ ਕਰ, ਘੱਟੋ ਘੱਟ ਬੋਲਣਾ ਤਾਂ ਸਿੱਖ ਲੈ।" "ਮਾਸਟਰ ਜੀ ਇਹ ਵੀ ਤੁਸੀਂ ਸਿਖਾਉਣਾ ਸੀ। ਜੇ ਨਹੀਂ ਸਿਖਾਇਆ ਤਾਂ ਇਹ ਵੀ ਤੁਹਾਡਾ ਹੀ ਕਸੂਰ ਏ।" ਦੁਕਾਨਦਾਰ ਇਕੱਲੇ ਇਕੱਲੇ ਹੋ ਕੇ ਮੁਸਕੜੀਆਂ ਹੱਸਦੇ ਹੋਏ ਆਪਣੀਆਂ ਦੁਕਾਨਾਂ ਵੱਲ ਜਾ ਰਹੇ ਸਨ। ਕਾਲ਼ਾ ਜੇਤੂ ਜਰਨੈਲ ਵਾਂਗੂ ਖੜ੍ਹਾ ਸੀ। ਮਾਸਟਰ ਜੀ ਨਿੰਮੋਝੂਣੇ ਹੋਏ ਆਪਣੀ ਗੱਡੀ ਨੂੰ ਲੈ ਕੇ ਇਸ ਤਰ੍ਹਾਂ ਤੁਰੇ ਸਨ ਜਿਵੇਂ ਖੁਦ ਖਿੱਚ ਕੇ ਲਿਜਾ ਰਹੇ ਹੋਣ।

*(ਅਜੀਤ : 6.10.2003)*

# ਬੋਰਡ

ਪਿੰਡ ਦਾ ਇਕੱਠ ਹੋ ਗਿਆ। ਪੰਚਾਇਤ ਜੁੜ ਬੈਠੀ। ਗਰੇਵਾਲਾਂ ਦੇ ਪ੍ਰਾਹੁਣੇ ਨੂੰ ਬੁਲਾਇਆ ਗਿਆ। ਸਰਪੰਚ ਸਾਹਿਬ ਨੇ ਗੱਲ ਤੋਰੀ ਕਿ, "ਭਾਈ ਸਾਹਿਬ ਪਤਾ ਲੱਗਿਆ ਹੈ ਕਿ ਤੁਸੀਂ ਕੱਲ ਪੀ ਖਾ ਕੇ ਸਾਡੇ ਪਿੰਡ ਦੇ ਬਾਹਰ ਲੱਗੇ ਬੋਰਡ ਤੋੜ ਦਿੱਤੇ।" "ਸਰਪੰਚ ਸਾਹਿਬ ਪਹਿਲਾਂ ਤੁਸੀਂ ਆਪਦਾ ਸਵਾਲ ਠੀਕ ਕਰੋ, ਬੋਰਡ ਨਹੀਂ ਤੋੜੇ, ਬੋਰਡ ਤੋੜਿਆ ਹੈ।" ਪ੍ਰਾਹੁਣਾ ਬੋਲਿਆ। ਸਰਪੰਚ ਸਾਹਿਬ ਬੋਲੇ, "ਚਲੋ ਬੋਰਡ ਹੀ ਸਹੀ, ਤੁਸੀਂ ਦੱਸੋ ਕਿਉਂ ਤੋੜਿਆ ਹੈ?" "ਸਰਪੰਚ ਸਾਹਿਬ ਪਿਛਲੇ ਦਿਨੀਂ ਮੇਰੇ ਦੋਸਤ ਤੁਹਾਡੇ ਪਿੰਡ ਵਿੱਚ ਆਏ, ਉਹਨਾਂ ਨੇ ਮੇਰੇ ਸਹੁਰਿਆਂ ਦਾ ਘਰ ਪੁੱਛਿਆ। ਕਿਸੇ ਨੇ ਵੀ ਚੰਗੀ ਤਰ੍ਹਾਂ ਨਹੀਂ ਦੱਸਿਆ। ਉਹ ਬੜੇ ਪ੍ਰੇਸ਼ਾਨ ਹੋਏ। ਅਖ਼ੀਰ ਜਦੋਂ ਟੱਕਰਾਂ ਮਾਰ ਕੇ ਘਰ ਲੱਭ ਲਿਆ ਤਾਂ ਅੱਗੋਂ ਕੀ ਵੇਂਹਦੇ ਹਨ। ਮੇਰੀ ਸਾਲੇਹਾਰ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਦੇਖਣ ਸਾਰ ਹੀ ਮੱਥੇ ਤੇ ਸੌ ਵੱਟ ਪਾ ਲਏ ਅਖੇ ਅਸੀਂ ਤਾਂ ਭਾਈ ਤੁਹਾਨੂੰ ਜਾਣਦੇ ਹੀ ਨਹੀਂ। ਉਹ ਕਹਿੰਦੇ ਜੇ ਨਹੀਂ ਵੀ ਜਾਣਦੇ ਤਾਂ ਫਿਰ ਕੀ ਹੋ ਗਿਆ। ਗਰਮੀ ਬੜੀ ਹੈ ਪਾਣੀ ਤਾਂ ਪਿਆ ਦਿਓ। ਉਹਨਾਂ ਮੰਗ ਕੇ ਪਾਣੀ ਪੀਤਾ। ਮੇਰੇ ਸਾਲਾ ਸਾਹਿਬ ਨੂੰ ਪਿੰਡ ਵਿੱਚੋਂ ਬੁਲਾਇਆ ਗਿਆ। ਆਉਣ ਸਾਰ ਕਹਿੰਦਾ ਅੱਗੇ ਤਾਂ ਤੁਹਾਨੂੰ ਪ੍ਰਾਹੁਣੇ ਦੇ ਨਾਲ ਕਦੇ ਨਹੀਂ ਵੇਖਿਆ। ਸਹੀ ਦੱਸੋ ਤੁਸੀਂ ਆਏ ਕਿੱਥੋਂ ਹੋ?" ਉਹਨਾਂ ਜਦੋਂ ਦੱਸਿਆ ਕਿ "ਅਸੀਂ ਤੁਹਾਡੇ ਪ੍ਰਾਹੁਣੇ ਦੇ ਪਿੰਡ ਤੋਂ ਹੀ ਆਏ ਹਾਂ। ਗੁਆਂਢੀ ਪਿੰਡ ਟੂਰਨਾਮੈਂਟ ਤੇ ਆਏ ਸੀ।" ਤਾਂ ਸਾਲਾ ਸਾਹਿਬ ਵਿੱਚੋਂ ਹੀ ਬੋਲ ਪਏ, "ਉਥੇ ਨੂੰ ਤਾਂ ਬੱਸਾਂ ਟੈਂਪੂਆਂ ਦੇ ਅਜੇ ਬੜੇ ਟਾਈਮ ਸਨ। ਉਹ ਓਸੇ ਵੇਲੇ ਉਠ ਕੇ ਤੁਰ ਗਏ। ਉਹਨਾਂ ਜਦੋਂ ਜਾ ਕੇ ਮੈਨੂੰ ਦੱਸਿਆ ਤਾਂ ਮੈਨੂੰ ਅੱਗ ਲੱਗ ਗਈ। ਮੈਂ ਤਾਂ ਉਲਾਮਾਂ ਦੇਣ ਆਇਆ ਸੀ। ਮੂਡ ਖਰਾਬ ਸੀ। ਘੁੱਟ ਪੀ ਵੀ ਲਈ। ਜਦੋਂ ਮੈਂ ਤੁਹਾਡੇ ਪਿੰਡ ਵਿੱਚ ਵੜਿਆ ਤਾਂ ਸਾਹਮਣੇ ਬੋਰਡ ਤੇ ਲਿਖਿਆ ਸੀ "ਜੀ ਆਇਆਂ ਨੂੰ" ਉਹ ਬੋਰਡ ਮੇਰੇ ਦਿਲ ਵਿੱਚ ਗੋਲ਼ੀ ਵਾਂਗ ਵੱਜਿਆ। ਮੈਥੋਂ ਰਿਹਾ ਨਾ ਗਿਆ। ਮੈਂ ਤੋੜ ਦਿੱਤਾ। ਸਰਪੰਚ ਸਾਹਿਬ ਤੇ ਪਿੰਡ ਵਾਲ਼ਿਓ ਅਜਿਹੇ ਬੋਰਡ ਲਾਉਣ ਦਾ ਕੋਈ ਫਾਇਦਾ ਨਹੀਂ। ਜੇ ਤੁਹਾਡੇ ਦਿਲਾਂ



ਵਿੱਚ ਆਏ ਗਏ ਦਾ ਸਤਿਕਾਰ ਨਹੀਂ, ਪਿਆਰ ਨਹੀਂ, ਖਿੱਚ ਨਹੀਂ, ਚਾਅ ਨਹੀਂ। ਮੈਂ ਪਿੰਡ ਦੇ ਆਸੇ ਪਾਸੇ ਇਸ ਬੋਰਡ ਬਦਲੇ ਵੀਹ ਬੋਰਡ ਲਗਵਾਅ ਦੇਂਦਾ ਹਾਂ। ਤੁਸੀਂ ਪਹਿਲਾਂ ਆਪਣੇ ਮਨ ਬਦਲੋ। ਸਾਡੇ ਮਹਾਨ ਗੁਰੂਆਂ ਨੇ ਸੇਵਾ ਅਤੇ ਸਤਿਕਾਰ ਦਾ ਪਵਿੱਤਰ ਬਾਣੀ ਰਾਹੀਂ ਕਿੰਨਾ ਸੋਹਣਾ ਸੰਦੇਸ਼ ਦਿੱਤਾ ਹੈ। ਮੈਨੂੰ ਤਾਂ ਇੰਝ ਲੱਗਦਾ ਹੈ ਜਿਵੇਂ ਤੁਹਾਡੇ ਪਿੰਡ ਦਾ ਮਹਾਨ ਗੁਰੂਆਂ ਜਾਂ ਪਵਿੱਤਰ ਬਾਣੀ ਨਾਲ ਕੋਈ ਸਬੰਧ ਹੀ ਨਾ ਹੋਵੇ। ਪ੍ਰਾਹੁਣੇ ਦੀਆਂ ਖਰੀਆਂ-ਖਰੀਆਂ ਤੇ ਸੱਚੀਆਂ ਗੱਲਾਂ ਸੁਣ ਕੇ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਿਰ ਵਿੱਚ ਸੌ ਘੜਾ ਪਾਣੀ ਦਾ ਪੈ ਗਿਆ ਸੀ। ਸਾਰੇ ਨੀਵੀਆਂ ਪਾਈਂ ਬੈਠੇ ਸਨ। ਪ੍ਰਾਹੁਣਾ ਬੋਲਿਆ, "ਜਵਾਬ ਦਿਓ ਮੈਂ ਜਲਦੀ ਜਾਣਾ ਹੈ? ਜੇ ਤੁਹਾਡੇ ਕੋਲ ਸਤਿਕਾਰ ਨਹੀਂ ਤਾਂ ਮੇਰੇ ਕੋਲ ਸਮਾਂ ਨਹੀਂ। ਮਨਾਂ 'ਚ ਜੀ ਆਇਆਂ ਲਿਖੋ। ਫਿਰ ਹੀ ਅਜਿਹੇ ਬੋਰਡ ਸ਼ੋਭਾ ਦੇਣਗੇ। ਨਹੀਂ ਤਾਂ ਅਜਿਹੇ ਬੋਰਡ ਹਰ ਇੱਕ ਆਏ ਗਏ ਦਾ ਮੂੰਹ ਚਿੜ੍ਹਾਉਂਦੇ ਰਹਿਣਗੇ।" ਉਲਟਾ ਪੰਚਾਇਤ ਨੂੰ ਪ੍ਰਾਹੁਣੇ ਤੋਂ ਉਹਨਾਂ ਦੇ ਦੋਸਤਾਂ ਦੇ ਹੋਏ ਅਪਮਾਨ ਲਈ ਮੁਆਫ਼ੀ ਮੰਗ ਕੇ ਖਹਿੜਾ ਛੁਡਾਉਣਾ ਪਿਆ।

# ਦੁੱਖ-ਖ਼ਬਰੀ

ਜਸਵੀਰ ਸਿੰਘ ਨੇ ਸਵੇਰੇ-ਸਵੇਰੇ ਰਾਜਦੀਪ ਸਿੰਘ ਨੂੰ ਟੈਲੀਫੂਨ ਕੀਤਾ ਕਿ, "ਮੈਂ ਤੁਹਾਨੂੰ ਖੁਸ਼ਖਬਰੀ ਸੁਣਾ ਰਿਹਾ ਹਾਂ। ਪਹਿਲਾਂ ਇਹ ਦੱਸ ਪਾਰਟੀ ਕਰੇਂਗਾ।" "ਹਾਂ ਜੇ ਸੱਚਮੁੱਚ ਖੁਸ਼ਖਬਰੀ ਹੋਈ ਤਾਂ ਜ਼ਰੂਰ ਕਰਾਂਗਾ।" ਰਾਜਦੀਪ ਸਿੰਘ ਬੋਲਿਆ। "ਲੈ ਸੁਣ ਅੱਜ ਪੰਜਾਬ ਸਰਕਾਰ ਵੱਲੋਂ ਛੁੱਟੀ, ਅਖਬਾਰ ਵਿੱਚ ਆ ਗਿਆ ਹੈ, ਇਹ ਸ਼ਹੀਦ ਸੰਤਾ ਸਿੰਘ ਦੀ ਪਹਿਲੀ ਵੇਰ ਹੋਈ ਹੈ।" "ਇਹ ਖੁਸ਼ਖਬਰੀ ਨਹੀਂ, ਇਹ ਤਾਂ ਬਹੁਤ ਵੱਡੀ ਦੁੱਖ ਖ਼ਬਰੀ ਹੈ। ਆਪਣਾ ਮੁਲਕ ਪਹਿਲਾਂ ਹੀ ਗਰੀਬ ਹੈ। ਲੋਕਾਂ ਦੇ ਕੰਮ ਕਾਜ ਪਹਿਲਾਂ ਹੀ ਦਫ਼ਤਰਾਂ, ਕਚਹਿਰੀਆਂ, ਤਹਿਸੀਲਾਂ ਵਿੱਚ ਸਮੇਂ ਸਿਰ ਨਹੀਂ ਹੋ ਰਹੇ। ਪੜ੍ਹਾਈ ਦਾ ਮਿਆਰ ਦਿਨੋਂ ਦਿਨ ਡਿੱਗ ਰਿਹਾ ਹੈ। ਬੇਕਾਰੀ ਅਤੇ ਬੇਰੁਜ਼ਗਾਰੀ ਪਹਿਲਾਂ ਹੀ ਬੜੀ ਹੈ। ਜਿਸ ਵਿੱਚ ਅੱਜ ਇੱਕ ਦਿਨ ਦਾ ਹੋਰ ਵਾਧਾ ਕਰ ਦਿੱਤਾ ਹੈ। ਬੜੇ ਅਫਸੋਸ ਨਾਲ ਕਹਿ ਰਿਹਾ ਹਾਂ ਕਿ ਗਰੀਬ ਮੁਲਕ ਦੇ ਕੰਮਾਂ ਵਿੱਚ ਇੱਕ ਮਿੰਟ ਦੀ ਖੜੋਤ ਵੀ ਬੜੀ ਮਾੜੀ ਹੈ, ਕਿੱਥੇ ਸਾਰੇ ਦਿਨ ਦੀ ਖੜੋਤ। ਭਾਈ ਸਾਹਿਬ ਇਹ ਖੁਸ਼ਖਬਰੀ ਨਹੀਂ ਇਹ ਬਹੁਤ ਵੱਡੀ ਦੁੱਖ-ਖ਼ਬਰੀ ਹੈ। ਇਹ ਨੂੰ ਦੁੱਖ-ਖ਼ਬਰੀ ਆਖੋ, ਆਪਣੇ ਪਹਿਲੇ ਸ਼ਬਦ ਵਾਪਸ ਲਵੋ। ਜੇ ਉਸ ਮਹਾਨ ਵਿਅਕਤੀ ਪ੍ਰਤੀ ਤੁਹਾਡੀ ਜਾਂ ਸਰਕਾਰ ਦੀ ਥੋੜ੍ਹੀ ਬਹੁਤੀ ਵੀ ਸ਼ਰਧਾ ਸੀ ਤਾਂ ਉਸਦੀ ਪਵਿੱਤਰ ਯਾਦ ਵਿੱਚ ਘੱਟੋ ਘੱਟ ਇੱਕ ਘੰਟਾ ਵੱਧ ਕੰਮ ਕੀਤਾ ਜਾਂਦਾ। ਫਿਰ ਸੀ ਤੁਹਾਡੀ ਉਸ ਪ੍ਰਤੀ ਸਹੀ ਸ਼ਰਧਾ ਤੇ ਸਤਿਕਾਰ ਕਿਉਂਕਿ ਉਸ ਸਖ਼ਸ਼ ਨੇ ਦੇਸ਼ ਦੀ ਤਰੱਕੀ ਵਿਕਾਸ ਅਤੇ ਖੁਸ਼ਹਾਲੀ ਲਈ ਆਪਣੀ ਸਾਰੀ ਜ਼ਿੰਦਗੀ ਲਾਈ ਹੈ। ਚੰਗਾ ਹੁੰਦਾ ਜੇ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਉਸਦੀ ਸੰਘਰਸ਼ਮਈ ਜ਼ਿੰਦਗੀ ਬਾਰੇ ਭਰਪੂਰ ਚਾਨਣਾ ਪਾਇਆ ਜਾਂਦਾ ਜਿੱਥੋਂ ਬੱਚੇ



ਪ੍ਰੇਰਨਾ ਲੈ ਸਕਦੇ।" "ਚੰਗਾ ਬਸ ਕਰ। ਹੁਣ ਬਹੁਤ ਹੋ ਗਈ। ਮੈਂ ਆਪਣੀ ਗਲਤੀ ਮਹਿਸੂਸ ਕਰਦਾ ਹੋਇਆ ਖੁਸ਼-ਖਬਰੀ ਸ਼ਬਦ ਵਾਪਸ ਲੈਂਦਾ ਹਾਂ। ਉਸਦੀ ਥਾਂ ਦੁੱਖ-ਖ਼ਬਰੀ ਸ਼ਬਦ ਵਰਤਦਾ ਹਾਂ। ਚੰਗਾ ਜਿਹੜਾ ਦੇਸ਼ ਨੂੰ ਘਾਟਾ ਪੈ ਗਿਆ, ਉਹ ਤਾਂ ਹੁਣ ਪੈ ਹੀ ਗਿਆ, ਮੈਂ ਆਪਦਾ ਘਾਟਾ ਤਾਂ ਬਚਾਵਾਂ। ਟੈਲੀਫੂਨ ਦਾ ਬਿੱਲ ਪਹਿਲਾਂ ਹੀ ਬਹੁਤ ਆ ਰਿਹਾ ਹੈ।" ਜਸਵੀਰ ਨੇ ਓ. ਕੇ. ਕਹਿ ਕੇ ਟੈਲੀਫੂਨ ਬੰਦ ਕਰਕੇ ਰਾਜਦੀਪ ਸਿੰਘ ਤੋਂ ਮਸਾਂ ਆਪਣਾ ਖਹਿੜਾ ਛੁਡਾਇਆ।

*(ਅਜੀਤ : 22.12.2003)*

# ਅਪਮਾਨ

ਮਹਾਨ ਸ਼ਹੀਦ ਦੀ ਯਾਦ 'ਚ ਹੋ ਰਿਹਾ ਸੱਭਿਆਚਾਰਕ ਮੇਲਾ ਆਖਰੀ ਪੜਾਅ ਤੇ ਸੀ। ਹੁਣ ਕਲਾਕਾਰਾਂ ਅਤੇ ਮਹਾਨ ਸਖ਼ਸ਼ੀਅਤਾਂ ਦਾ ਸਨਮਾਨ ਹੋਣਾ ਸੀ। ਸਭ ਤੋਂ ਪਹਿਲਾਂ ਮਹਾਨ ਸ਼ਹੀਦ ਦੇ ਮਹਾਨ ਬਾਪ ਨੂੰ ਸਟੇਜ ਉੱਪਰ ਬੁਲਾਇਆ ਗਿਆ ਤੇ ਉਹਨਾਂ ਨੂੰ ਪੁੱਛਿਆ ਗਿਆ ਕਿ ਕੀ ਤੁਸੀਂ ਦੋ ਮਿੰਟ ਬੋਲੋਗੇ ਤਾਂ ਉਹਨਾਂ ਨੇ ਹਾਂ ਕਰਕੇ ਗੁੱਸੇ ਨਾਲ ਮਾਇਕ ਫੜ ਲਿਆ ਤੇ ਬੋਲਣਾ ਸ਼ੁਰੂ ਕਰ ਦਿੱਤਾ, "ਮੈਨੂੰ ਮੇਰੇ ਪੁੱਤਰ ਦੀ ਅਦੁੱਤੀ ਕੁਰਬਾਨੀ ਤੇ ਖੁਸ਼ੀ ਅਤੇ ਮਾਣ ਸੀ ਕਿ ਉਸਨੇ ਆਪਣੀ ਇੱਕ ਮਾਂ ਦੀ ਕੁੱਖ ਸੁਲੱਖਣੀ ਕਰਕੇ ਦੂਜੀ ਮਾਂ ਧਰਤੀ ਲਈ ਐਡੀ ਵੱਡੀ ਕੁਰਬਾਨੀ ਕੀਤੀ ਹੈ। ਪਰ ਅੱਜ ਮੇਰੇ ਮਹਾਨ ਸ਼ਹੀਦ ਪੁੱਤਰ ਦੀ ਯਾਦ 'ਚ ਮੇਲੇ ਤੇ ਗਾਉਣ ਵਾਲਿਆਂ ਨੇ ਇੱਕ ਮਾਂ ਨੂੰ ਨੰਗਾ ਕਰਕੇ ਮੇਰੇ ਸਾਹਮਣੇ ਉਸਦਾ ਜਲੂਸ ਕੱਢ ਦਿੱਤਾ ਹੈ। ਮਾਂ ਦੀ ਪੱਤ ਜਦੋਂ ਸ਼ਰੇਆਮ ਸਟੇਜ ਤੋਂ ਲੱਥਦੀ ਵੇਖੀ ਤਾਂ ਮੇਰੇ ਸਿਰ ਵਿੱਚ ਸੌ ਘੜਾ ਪਾਣੀ ਦਾ ਪੈ ਗਿਆ। ਮੇਰੇ ਮਨ ਨੂੰ ਬਹੁਤ ਵੱਡਾ ਦੁੱਖ ਹੋਇਆ ਹੈ। ਕੀ ਮੇਰੇ ਪੁੱਤਰ ਨੇ ਅਜਿਹੇ ਕੰਜਰਖਾਨੇ ਲਈ ਕੁਰਬਾਨੀ ਦਿੱਤੀ ਸੀ ਜੋ ਕਿ ਉਸਦੀ ਪਵਿੱਤਰ ਯਾਦ ਨੂੰ ਪਲੀਤ ਕਰਨ ਲਈ ਕਰਵਾਇਆ ਗਿਆ ਹੈ। ਤੁਸੀਂ ਮੇਰੇ ਮਹਾਨ ਪੁੱਤਰ ਦਾ ਘੋਰ ਅਪਮਾਨ ਕੀਤਾ ਹੈ। ਜੋ ਕਿ ਬਰਦਾਸ਼ਤ ਤੋਂ ਬਾਹਰ ਹੈ। ਮੈਂ ਅਜਿਹੀ ਘਟੀਆ ਥਾਂ ਤੋਂ ਅਤੇ ਨੀਚ ਲੋਕਾਂ ਤੋਂ ਸਨਮਾਨ ਨਹੀਂ ਲੈ ਸਕਦਾ, ਨਹੀਂ ਲੈ ਸਕਦਾ, ਨਹੀਂ ਲੈ ਸਕਦਾ ਕਹਿ ਕੇ ਉਹ ਭਰੇ ਅਤੇ ਦੁੱਖੀ ਮਨ ਨਾਲ ਸਟੇਜ ਤੋਂ ਉਤਰ ਕੇ ਵਾਪਸ ਪਰਤ ਗਏ ਸਨ। ਪ੍ਰਬੰਧਕਾਂ ਅਤੇ ਗਵੱਈਆਂ ਦੇ ਮੂੰਹ ਅੱਡੇ ਰਹਿ ਗਏ ਸਨ।

*(ਅਜੀਤ : 19.1.2004)*



# ਪੋਤਰਾ

ਪੋਤਰਾ ਚੋਰੀ ਛਿਪੇ ਵੱਖ ਕੀਤੇ ਦਾਦਾ ਦਾਦੀ ਨੂੰ ਮਿਲਣ ਚਲਾ ਜਾਂਦਾ ਤਾਂ ਉਸਦੇ ਮੰਮੀ ਪਾਪਾ ਉਸਨੂੰ ਘੂਰਦੇ ਅਤੇ ਉਥੇ ਜਾਣੋਂ ਰੋਕਦੇ। ਪਰ ਉਹ ਫਿਰ ਵੀ ਅੱਖ ਬਚਾ ਕੇ ਆਪਣਾ ਦਾਅ ਲਾ ਜਾਂਦਾ। ਇੱਕ ਦਿਨ ਅਚਾਨਕ ਜਦੋਂ ਉਸਦੇ ਮੰਮੀ ਪਾਪਾ ਨੇ ਉਸਨੂੰ ਦਾਦੀ ਦੀ ਝੋਲ਼ੀ ਵਿੱਚ ਬੈਠਿਆਂ ਦੇਖਿਆ ਤਾਂ ਉਹਨਾਂ ਨੂੰ ਅੱਗ ਲੱਗ ਗਈ। ਉਸਦੀ ਮੰਮੀ ਨੇ ਗੁੱਸੇ ਵਿੱਚ ਉਸਨੂੰ ਬਾਹੋਂ ਫੜ ਕੇ ਘਸੀਟ ਲਿਆਂਦਾ ਅਤੇ ਬੜੀ ਬੁਰੀ ਤਰ੍ਹਾਂ ਕੁੱਟਿਆ ਮਾਰਿਆ। ਬੱਚਾ ਨਾਲੇ ਰੋਈ ਜਾ ਰਿਹਾ ਸੀ। ਨਾਲੇ ਆਖ ਰਿਹਾ ਸੀ, "ਕੋਈ ਗੱਲ ਨਹੀਂ ਅਜੇ ਮੈਂ ਛੋਟਾ ਹਾਂ। ਜਦੋਂ ਵੀ ਮੈਂ ਵੱਡਾ ਹੋ ਗਿਆ ਤਾਂ ਮੈਂ ਵੀ ਤੁਹਾਨੂੰ ਦੋਹਾਂ ਨੂੰ ਨਾਲ਼ ਨਹੀਂ ਰੱਖਣਾ, ਵੱਖ ਕਰ ਦੇਵਾਂਗਾ। ਮੈਂ ਵੀ ਆਪਣੇ ਬੱਚਿਆਂ ਨੂੰ ਤੁਹਾਨੂੰ ਬੁਲਾਉਣ ਨਹੀਂ ਦੇਣਾ। ਫਿਰ ਤੁਹਾਨੂੰ ਪਤਾ ਲੱਗੇਗਾ।" ਬੱਚੇ ਦੀਆਂ ਭੋਲ਼ੀਆਂ ਭਾਲ਼ੀਆਂ ਤੇ ਸੁਭਾਵਿਕ ਹੀ ਕੀਤੀਆਂ ਗੱਲਾਂ ਸੁਣ ਕੇ ਮੰਮੀ ਪਾਪਾ ਨੂੰ ਲੱਗ ਰਿਹਾ ਸੀ। ਜਿਵੇਂ ਉਹਨਾਂ ਉੱਪਰ ਸੁੱਕੇ ਅੰਬਰੀਂ ਕੋਈ ਭਾਰਾ ਟਾਹਣ ਟੁੱਟ ਕੇ ਡਿੱਗ ਪਿਆ ਹੋਵੇ। ਉਹ ਹੱਕੇ ਬੱਕੇ ਰਹਿ ਗਏ ਸਨ। ਆਪਣੀ ਬੱਜਰ ਗਲਤੀ ਤੇ ਬੁਰੀ ਤਰ੍ਹਾਂ ਪਛਤਾਅ ਰਹੇ ਸਨ।

# ਅਕਲ

ਜ਼ਿਲਾ ਸਿੱਖਿਆ ਅਫਸਰ ਨੇ ਸਕੂਲ ਦੇ ਦਫਤਰ ਵਿੱਚ ਬੈਠਦਿਆਂ ਹੀ ਪ੍ਰਿੰਸੀਪਲ ਕੋਲ ਰੋਸ ਪ੍ਰਗਟ ਕੀਤਾ ਕਿ, "ਉਹ ਸਾਹਮਣੈ ਕਮਰੇ ਵਿੱਚ ਜਿਹੜਾ ਤੁਹਾਡਾ ਅਧਿਆਪਕ ਪੜ੍ਹਾ ਰਿਹਾ ਹੈ, ਇੰਝ ਲਗਦਾ ਹੈ ਜਿਵੇਂ ਉਸਨੂੰ ਕੋਈ ਅਕਲ ਹੀ ਨਹੀਂ ਹੁੰਦੀ। ਮੈਂ ਦਰਵਾਜ਼ੇ ਅੱਗੇ ਦੋ ਮਿੰਟ ਖੜ੍ਹ ਕੇ ਆਇਆ ਹਾਂ। ਉਸ ਬੇਵਕੂਫ ਨੇ ਮੇਰੀ ਭੋਰਾ ਪ੍ਰਵਾਹ ਨਹੀਂ ਕੀਤੀ ਅਤੇ ਨਾ ਹੀ ਕੋਈ ਦੁਆ ਸਲਾਮ ਕੀਤੀ ਹੈ। 'ਪ੍ਰਿੰਸੀਪਲ ਨੇ ਬੜੇ ਮਾਣ ਨਾਲ ਕਿਹਾ ਕਿ, "ਉਹ ਤਾਂ ਬੜਾ ਮਿਹਨਤੀ ਸਮੇਂ ਦਾ ਪਾਬੰਦ ਅਤੇ ਬਹੁਤ ਹੀ ਅਕਲਮੰਦ ਅਧਿਆਪਕ ਹੈ। ਤੁਸੀਂ ਉਸਨੂੰ ਅਕਲਹੀਣ ਆਖਦੇ ਹੋ। ਉਹ ਤਾਂ ਹੋਰਾਂ ਨੂੰ ਅਕਲਾਂ ਦੇ ਗੱਫੇ ਵੰਡਦਾ ਹੈ। ਉਸਨੇ ਜ਼ਿੰਦਗੀ ਦੇ ਕੁਝ ਅਸੂਲ ਬਣਾਏ ਹੋਏ ਹਨ। ਉਹਨਾਂ ਉੱਪਰ ਉਹ ਡਟ ਕੇ ਪਹਿਰਾ ਦਿੰਦਾ ਹੈ। ਗੱਲ ਅਸਲ ਵਿੱਚ ਇਹ ਹੈ ਕਿ ਤੁਸੀਂ 10 ਵਜੇ ਦਾ ਸਮਾਂ ਦਿੱਤਾ ਸੀ ਪਰ ਆਏ 12 ਵਜੇ ਹੋ। ਉਹ ਕਿਸੇ ਵੀ ਪੜ੍ਹੇ ਲਿਖੇ ਨੂੰ ਲੇਟ ਆਉਣ ਤੇ ਮਾਫ਼ ਨਹੀਂ ਕਰਦਾ। ਉਹ ਆਪ ਕਦੇ ਵੀ ਲੇਟ ਨਹੀਂ ਹੁੰਦਾ। ਸਗੋਂ ਸਮੇਂ ਤੋਂ ਪਹਿਲਾਂ ਪਹੁੰਚਦਾ ਹੈ। ਤੁਸੀਂ ਤਾਂ ਦੋ ਘੰਟੇ ਲੇਟ ਪਹੰਚੇ ਹੋ। ਮੈਂ ਜਦੋਂ ਕਿਤੇ ਮਜਬੂਰੀ ਵੱਸ ਕੁਝ ਮਿੰਟ ਪਛੜ ਜਾਂਦਾ ਹਾਂ ਤਾਂ ਉਹ ਮੈਨੂੰ ਵੀ ਨਹੀਂ ਬੁਲਾਉਂਦਾ। ਫਿਰ ਮੈਂ ਦੇਰੀ ਨਾਲ ਆਉਣ ਦਾ ਪਛਤਾਵਾ ਕਰਦਾ ਤਾਂ ਕਿਤੇ ਜਾ ਕੇ ਉਹ ਮੇਰੇ ਨਾਲ ਸਿੱਧੇ ਮੂੰਹ ਬੋਲਦਾ ਹੈ। ਤੁਸੀਂ ਉਸ ਤੋਂ ਦੇਰੀ ਨਾਲ ਆ ਕੇ ਵੀ ਦੁਆ ਸਲਾਮ ਦੀ ਆਸ ਰੱਖਦੇ ਹੋ। ਉਹ ਤਾਂ ਜੇ ਤੁਸੀਂ ਆਪ ਵੀ ਦੁਆ ਸਲਾਮ ਕਰਦੇ ਉਸਨੇ ਮੰਨਣੀ ਨਹੀਂ ਸੀ। ਉਹ ਇਕ ਆਦਰਸ਼ ਅਧਿਆਪਕ ਹੈ। ਜੋ ਕੁਝ ਵੀ ਤੁਸੀਂ ਸਕੂਲ ਵਿੱਚ ਬਾਕੀ ਸਕੂਲਾਂ ਤੋਂ ਵੱਖਰਾ ਤੇ ਵਧੀਆ ਵੇਖ ਰਹੇ ਹੋ। ਇਹ ਸਿਰਫ਼ ਤੇ ਸਿਰਫ਼ ਇਸ ਅਧਿਆਪਕ ਸਦਕਾ ਹੀ ਹੈ। ਮੈਂ ਇਸ ਅਧਿਆਪਕ ਉੱਪਰ ਜਿੰਨਾ



ਵੀ ਮਾਣ ਕਰਾਂ ਉਹ ਥੋੜ੍ਹਾ ਹੈ। ਜ਼ਿਲ੍ਹਾ ਸਿੱਖਿਆ ਅਫਸਰ ਨੇ ਪ੍ਰਿੰਸੀਪਲ ਦੀਆਂ ਵਜ਼ਨਦਾਰ ਅਤੇ ਤਰਕਸੰਗਤ ਦਲੀਲਾਂ ਸੁਣ ਕੇ ਸਾਰੇ ਅਧਿਆਪਕਾਂ ਨੂੰ ਦਫਤਰ ਵਿੱਚ ਬੁਲਾਇਆ ਅਤੇ ਉਸ ਅਧਿਆਪਕ ਤੋਂ ਦੇਰ ਨਾਲ ਆਉਣ ਤੇ ਬਿਨਾਂ ਕਿਸੇ ਬਹਾਨੇ ਦੇ ਮੁਆਫੀ ਮੰਗੀ। ਹੁਣ ਉਸੇ ਅਧਿਆਪਕ ਨੇ ਬਹੁਤ ਹੀ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ ਬੁਲਾਈ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਨੇ ਉਸਨੂੰ ਘੁੱਟ ਕੇ ਬੁੱਕਲ ਵਿੱਚ ਲੈਂਦਿਆਂ ਹੋਇਆਂ ਆਖਿਆ ਕਿ ਮੈਨੂੰ ਅਜਿਹੇ ਅਧਿਆਪਕ ਚਾਹੀਦੇ ਹਨ। ਮੇਰਾ ਅਜਿਹੇ ਅਧਿਆਪਕਾਂ ਦੀ ਸੋਚ ਅੱਗੇ ਸਿਰ ਝੁਕਦਾ ਹੈ। ਸਾਰੇ ਅਧਿਆਪਕਾਂ ਨੇ ਜ਼ੋਰਦਾਰ ਤਾੜੀ ਵਜਾਈ। ਹੁਣ ਅਫਸਰ ਦੀਆਂ ਅੱਖਾਂ ਵਿੱਚ ਗੁੱਸੇ ਦੀ ਥਾਂ ਖੁਸ਼ੀ ਦੇ ਹੰਝੂ ਸਨ।

*(ਅਜੀਤ : 18.4.2004)*

# ਦੀਵਾ ਗੁੱਲ

ਪੈਲਿਸ ਦੇ ਬਾਹਰ ਬਰਾਤ ਆ ਚੁੱਕੀ ਸੀ। ਤਲਵੰਡੀ ਵਾਲੇ ਬਾਬੇ ਬਖ਼ਤੌਰੇ ਨੇ ਵੀ ਆਪਣਾ ਕੰਮ ਸ਼ੁਰੂ ਕਰ ਦਿੱਤਾ ਸੀ। ਉਹ ਪੈਲਿਸ ਸਾਹਮਣੇ 'ਦੀਵਾ ਗੁੱਲ....ਦੀਵਾ ਗੁੱਲ....ਦੀਵਾ ਗੁੱਲ" ਕਹਿੰਦਾ ਹੋਇਆ ਚੱਕਰ ਲਾ ਰਿਹਾ ਸੀ। ਬਰਾਤੀਆਂ ਨੇ ਬਾਹਰ ਖੜ੍ਹੇ ਸੁਰੱਖਿਆ ਕਰਮਚਾਰੀ ਨੂੰ ਪੁੱਛਿਆ, "ਇਹ ਕੌਣ ਹੈ? ਅਤੇ ਦੀਵਾ ਗੁੱਲ ਕਿਉਂ ਕਹਿ ਰਿਹਾ ਹੈ? ਸੁਰੱਖਿਆ ਕਰਮਚਾਰੀ ਨੇ ਦੱਸਿਆ ਕਿ ਇਸਦਾ ਪਿੰਡ ਏਥੋਂ ਨੇੜੇ ਹੀ ਤਲਵੰਡੀ ਕਲਾਂ ਹੈ। ਜਦੋਂ ਵੀ ਇਸਨੂੰ ਇਹ ਪਤਾ ਲੱਗ ਜਾਵੇ ਕਿ ਏਥੇ ਬਾਹਰਲੇ ਮੁੰਡੇ ਜਾਂ ਕੁੜੀ ਦਾ ਵਿਆਹ ਹੋ ਰਿਹਾ ਹੈ ਤਾਂ ਇਹ ਆਪਣੇ ਆਪ ਏਥੇ ਆ ਜਾਂਦਾ ਹੈ। ਬਸ ਫਿਰ ਸਵੇਰ ਤੋਂ ਲੈ ਕੇ ਸ਼ਾਮ ਡੋਲੀ ਤੁਰਨ ਤੱਕ ਇਹ ਦੀਵਾ ਗੁੱਲ ਦੀ ਖ਼ੂਬ ਉੱਚੀ-ਉੱਚੀ ਰੱਟ ਲਾਉਂਦਾ ਹੈ।" "ਫਿਰ ਵੀ ਕੋਈ ਕਾਰਨ ਤਾਂ ਹੋਵੇਗਾ।" ਸਾਰੇ ਬਰਾਤੀ ਇਕੱਠੇ ਬੋਲੇ। "ਦਰਅਸਲ ਇਸਦਾ ਵੀ ਇਕਲੌਤਾ ਲੜਕਾ ਅੱਜ ਤੋਂ ਕਾਫੀ ਲੰਬਾ ਸਮਾਂ ਪਹਿਲਾਂ ਕੈਨੇਡਾ ਵਾਲ਼ੀ ਲੜਕੀ ਨਾਲ ਵਿਆਹਿਆ ਸੀ। ਇਸਨੇ ਉਸਨੂੰ ਬੜੀ ਮਿਹਨਤ ਨਾਲ਼ ਇੰਜਨੀਅਰ ਬਣਾਇਆ ਸੀ। ਵਿਆਹ ਤੋਂ ਬਾਅਦ ਲੜਕੀ ਨੇ ਉਸਨੂੰ ਬਾਹਰ ਬੁਲਾ ਲਿਆ। ਉਹ ਸ਼ਾਨਦਾਰ ਨੌਕਰੀ ਛੱਡ ਕੇ ਕੈਨੇਡਾ ਪਹੁੰਚ ਗਿਆ। ਉਥੇ ਉਸਦੇ ਦੋ ਬੱਚੇ ਲੜਕਾ ਅਤੇ ਲੜਕੀ ਹੋਏ। ਜਦੋਂ ਇਸ ਬਜ਼ੁਰਗ ਦੀ ਪਤਨੀ ਆਪਣੇ ਪੁੱਤਰ ਨੂੰਹ ਅਤੇ ਪੋਤਰਾ ਪੋਤਰੀ ਨੂੰ ਦੇਖਣ ਲਈ ਤਰਸਦੀ ਮਰ ਗਈ ਤਾਂ ਪੁੱਤਰ ਨੇ ਬਜ਼ੁਰਗ ਨੂੰ ਰੁਲਣ ਤੋਂ ਡਰਦੇ ਨੇ ਆਪਣੇ ਕੋਲ਼ ਕੈਨੇਡਾ ਵਿੱਚ ਮੰਗਵਾ ਲਿਆ। ਤੁਹਾਨੂੰ ਪਤਾ ਹੀ ਹੈ ਕਿ ਆਪਣੇ ਸਮਾਜ, ਸਭਿਆਚਾਰ ਅਤੇ ਸੰਸਕ੍ਰਿਤੀ ਦਾ ਉਥੋਂ ਦੇ ਸਮਾਜ ਅਤੇ ਸਭਿਆਚਾਰ ਨਾਲੋਂ ਧਰਤੀ ਅਸਮਾਨ ਦਾ ਫ਼ਰਕ ਹੈ। ਜਦੋਂ ਪੋਤਰੇ ਦੀ ਮਿੱਤਰ ਕੁੜੀ ਅਤੇ ਪੋਤਰੀ ਦਾ ਦੋਸਤ ਮੁੰਡਾ ਸ਼ਰੇਆਮ ਘਰ ਵਿੱਚ ਮਿਲਣ ਆਉਣ ਤਾਂ ਇਸ ਅਣਖੀ ਅਤੇ ਗੈਰਤਮੰਦ ਬਜ਼ੁਰਗ ਤੋਂ ਬਰਦਾਸ਼ਤ ਨਾ ਹੋਣ, ਇਸਨੇ ਇਸਦਾ ਬਹੁਤ ਬੁਰਾ ਮਨਾਇਆ। ਜਦੋਂ ਪੋਤਰੇ ਅਤੇ ਪੋਤਰੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ



ਨੇ ਆਪਣੇ ਮੰਮੀ ਪਾਪਾ ਨੂੰ ਸਪੱਸ਼ਟ ਕਹਿ ਦਿੱਤਾ ਕਿ ਇਸ ਘਰ ਵਿੱਚ ਜਾਂ ਇਹ ਬੁੱਢਾ ਰਹੂ ਜਾਂ ਫਿਰ ਅਸੀਂ ਰਹਾਂਗੇ। ਪੁੱਤਰ ਨੇ ਆਖ ਦਿੱਤਾ ਕਿ ਇਹ ਮੇਰਾ ਸਤਿਕਾਰਯੋਗ ਪਿਤਾ ਹੈ। ਮੈਂ ਇਸਨੂੰ ਨਾ ਛੱਡ ਸਕਦਾ ਹਾਂ ਅਤੇ ਨਾ ਹੀ ਘਰੋਂ ਕੱਢ ਸਕਦਾ ਹਾਂ। ਏਨੀ ਕਹਿਣ ਦੀ ਦੇਰ ਸੀ ਕਿ ਇਸ ਬਜ਼ੁਰਗ ਦੇ ਪੋਤਰਾ-ਪੋਤਰੀ ਅਗਲੇ ਦਿਨ ਹੀ ਆਪਣੇ ਦੋਸਤ ਅਤੇ ਮਿੱਤਰ ਦੇ ਘਰ ਪੱਕੇ ਤੌਰ 'ਤੇ ਰਹਿਣ ਲੱਗ ਪਏ। ਇਸਦਾ ਪੁੱਤਰ ਇਸੇ ਦੁੱਖ ਵਿੱਚ ਜ਼ਿਆਦਾ ਸ਼ਰਾਬ ਪੀਣ ਲੱਗ ਪਿਆ, ਜਿਸਦੀ ਥੋੜ੍ਹੇ ਸਮੇਂ ਬਾਅਦ ਹੀ ਮੌਤ ਹੋ ਗਈ। ਨੂੰਹ ਜਿਸ ਫੈਕਟਰੀ ਵਿੱਚ ਕੰਮ ਕਰਦੀ ਸੀ, ਉਸ ਮੈਨੇਜਰ ਦੇ ਘਰ ਰਹਿਣ ਲੱਗ ਪਈ ਸੀ ਕਿਉਂਕਿ ਉਸਦੀ ਪਹਿਲੀ ਪਤਨੀ ਇਸਦੇ ਪੁੱਤਰ ਵਰਗੇ ਦੁੱਖ ਨਾਲ ਮਰ ਚੁੱਕੀ ਸੀ। ਕਹਿਣ ਤੋਂ ਭਾਵ ਇਹ ਬਜ਼ੁਰਗ ਆਪਣਾ ਸਭ ਕੁਝ ਗੁਆਕੇ ਅਤੇ ਲੁਟਾਕੇ ਪ੍ਰਦੇਸ਼ਾਂ ਤੋਂ ਵਾਪਸ ਆ ਗਿਆ। ਤੁਸੀਂ ਆਪ ਸਿਆਣੇ ਹੋ। ਜਦੋਂ ਕਿਸੇ ਇਨਸਾਨ ਦੇ ਰੰਗੀਨ ਸੁਪਨੇ ਮਿੱਟੀ ਵਿੱਚ ਮਿਲ ਜਾਣ ਘਰ ਦਾ ਦੀਵਾ ਗੁੱਲ ਹੋ ਜਾਵੇ ਤਾਂ ਪਾਗਲ ਨਾ ਹੋਊ ਤਾਂ ਕੀ ਹੋਊ। ਜਦੋਂ ਇਸਨੂੰ ਪਤਾ ਲੱਗ ਜਾਵੇ ਕਿ ਵਿਆਹ ਵਾਲਾ ਮੁੰਡਾ ਜਾਂ ਕੁੜੀ ਬਾਹਰੋਂ ਆਏ ਹਨ ਤਾਂ ਇਸਨੂੰ ਇੱਕ ਹੋਰ ਦੀਵਾ ਗੁੱਲ ਹੁੰਦਾ ਦਿਸਦਾ ਹੈ।

*(ਅਜੀਤ : 20.6.2004)*

## ਢਲ਼ਦਾ ਸੂਰਜ

ਸੇਵਾ-ਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਸੇਵਾ ਮੁਕਤੀ ਤੋਂ ਬਾਅਦ ਇਕ ਦਮ ਉਦਾਸ ਰਹਿਣ ਲੱਗ ਪਿਆ ਸੀ। ਖੁਰਾਕ ਵੀ ਘਟ ਗਈ ਸੀ। ਰਾਤ ਦੀ ਨੀਂਦ ਵਿੱਚ ਵੀ ਬੜਾ ਫ਼ਰਕ ਪੈ ਗਿਆ ਸੀ। ਸੁਭਾਅ ਵੀ ਪੂਰੀ ਤਰ੍ਹਾਂ ਬਦਲ ਗਿਆ ਸੀ। ਕਿਸੇ ਨੂੰ ਬੁਲਾਉਂਦਾ ਤੱਕ ਨਹੀਂ ਸੀ। ਬੱਸ ਚੁੱਪ ਚਾਪ ਉਦਾਸ ਬੈਠਾ ਰਹਿੰਦਾ ਸੀ। ਆਮ ਡਾਕਟਰਾਂ ਦੀ ਸਮਝ ਤੋਂ ਬਾਹਰ ਸੀ। ਫਿਰ ਕਿਸੇ ਸਲਾਹਕਾਰ ਦੀ ਸਲਾਹ ਤੇ ਤਰਕਸ਼ੀਲਾਂ ਨਾਲ ਸੰਪਰਕ ਕੀਤਾ। ਤਰਕਸ਼ੀਲਾਂ ਨੇ ਪਹਿਲੀ ਮੁਲਾਕਾਤ ਵਿੱਚ ਹੀ ਉਸਨੂੰ ਤੰਦਰੁਸਤ ਅਤੇ ਚੜ੍ਹਦੀ ਕਲਾ ਵਿੱਚ ਕਰ ਦਿੱਤਾ ਸੀ। ਹੁਣ ਉਸਦੇ ਘਰਦਿਆਂ ਨੇ ਤਰਕਸ਼ੀਲਾਂ ਨੂੰ ਪੁੱਛਿਆ ਕਿ, "ਅਸਲ ਕਾਰਨ ਕੀ ਸੀ ਤਾਂ ਕਿ ਅਸੀਂ ਅੱਗੇ ਤੋਂ ਖਿਆਲ ਰੱਖੀਏ।" ਤਰਕਸ਼ੀਲਾਂ ਨੇ ਦੱਸਿਆ ਕਿ, "ਇਹ ਜਿਸ ਕੁਰਸੀ ਤੋਂ ਸੇਵਾ ਮੁਕਤ ਹੋਏ ਹਨ ਉਹ ਬਹੁਤ ਹੀ ਸਤਿਕਾਰਯੋਗ ਕੁਰਸੀ ਸੀ। ਜਦੋਂ ਵੀ ਕਿਸੇ ਆਦਮੀ ਕੋਲੋਂ ਅਜਿਹੀ ਕੁਰਸੀ ਖੁੱਸ ਜਾਂਦੀ ਹੈ ਤਾਂ ਸਾਰਾ ਮਾਣ ਸਨਮਾਨ ਅਤੇ ਸਤਿਕਾਰ ਵੀ ਨਾਲ ਹੀ ਖੁੱਸ ਜਾਂਦਾ ਹੈ। ਤੁਹਾਨੂੰ ਪਤਾ ਹੀ ਹੈ ਕਿ ਦੁਨੀਆਂ ਚੜ੍ਹਦੇ ਸੂਰਜ ਨੂੰ ਸਲਾਮ ਕਰਦੀ ਹੈ ਨਾ ਕਿ ਢਲਦੇ ਨੂੰ....। ਚੜ੍ਹਦੇ ਤੇ ਢਲਦੇ ਸੂਰਜ ਵਿੱਚ ਜਿੰਨਾ ਫ਼ਰਕ ਹੁੰਦਾ ਹੈ, ਬੰਦੇ ਦੀ ਮਾਨਸਿਕ ਹਾਲਤ ਵਿੱਚ ਇੱਕ ਦਮ ਓਨਾ ਹੀ ਫ਼ਰਕ ਪੈ ਜਾਂਦਾ ਹੈ। ਜੋ ਕਿ ਬਰਦਾਸ਼ਤ ਕਰਨਾ ਔਖਾ ਹੋ ਜਾਂਦਾ ਹੈ। ਸਕੂਲਾਂ ਦੇ ਸਮਾਗਮਾਂ ਦੇ ਉਦਘਾਟਨ, ਗਲ਼ਾਂ ਵਿੱਚ ਪੈਣ ਵਾਲੇ ਹਾਰ, ਢੋਲ ਢਮੱਕਿਆਂ ਨਾਲ ਗੇਟ ਤੋਂ ਲੈ ਕੇ ਜਾਣਾ ਅਗਲੇ ਦਿਨ ਅਖਬਾਰਾਂ ਵਿੱਚ ਫੋਟੋਆਂ ਸਮੇਤ ਵੱਡੀਆਂ-ਵੱਡੀਆਂ ਖ਼ਬਰਾਂ ਲੱਗਣੀਆਂ। ਜਿੱਧਰ ਵੀ ਜਾਣਾ ਅਧਿਆਪਕਾਂ ਅਤੇ ਹੋਰ ਵਰਗ ਦੇ ਲੋਕਾਂ ਵਲੋਂ ਝੁਕ-ਝੁਕ ਸਲਾਮਾਂ ਕਰਨੀਆਂ। ਸਰਕਾਰੀ ਗੱਡੀਆਂ ਵਰਤਣ ਨੂੰ, ਟੈਲੀਫੂਨ ਕਰਨ ਨੂੰ, ਆਸੇ-ਪਾਸੇ ਸੇਵਾਦਾਰਾਂ ਦਾ ਕਾਫ਼ਲਾ ਜੋ ਕਿ ਸੇਵਾ ਮੁਕਤ ਹੋਣ ਤੇ ਸਭ ਕੁਝ ਸਦਾ ਵਾਸਤੇ ਬੰਦ ਹੋ ਜਾਂਦਾ ਹੈ।



ਅਸੀਂ ਇਹਨਾਂ ਨੂੰ ਸਮੋਹਿਕ ਨੀਂਦ ਵਿੱਚ ਲਿਆ ਕੇ ਉਸਾਰੂ ਸੁਝਾਅ ਦੇ ਦਿੱਤੇ ਹਨ। ਇਹਨਾਂ ਨੂੰ ਦੱਸ ਦਿੱਤਾ ਹੈ ਕਿ ਅਫਸਰ ਅਤੇ ਆਮ ਆਦਮੀ ਵਿੱਚ ਢੇਰ ਸਾਰਾ ਫ਼ਰਕ ਹੁੰਦਾ ਹੈ। ਹੁਣ ਤੁਸੀਂ ਅਫਸਰ ਨਹੀਂ ਰਹੇ। ਆਮ ਆਦਮੀ ਹੋ। ਇਹ ਫ਼ਰਕ ਖਿੜੇ ਮੱਥੇ ਕਬੂਲ ਕਰੋ ਅਤੇ ਚੜ੍ਹਦੀ ਕਲਾ ਵਿੱਚ ਰਹੋ। ਤੁਹਾਨੂੰ ਸਿਰਫ਼ ਇਹੀ ਸੁਝਾਅ ਹੈ ਕਿ ਤੁਸੀਂ ਇਹਨਾਂ ਨੂੰ ਪੋਚਵੀਆਂ ਪੱਗਾਂ ਅਤੇ ਸੂਟਿਡ ਬੂਟਿਡ ਬਾਬੂਆਂ ਤੋਂ ਭਾਵ ਅਧਿਆਪਕਾਂ ਅਤੇ ਸਕੂਲਾਂ ਤੋਂ ਦੂਰ ਰੱਖਣਾ ਹੈ। ਇਹ ਬਿਲਕੁਲ ਠੀਕ ਹੋ ਜਾਣਗੇ।"

# ਗਿੱਦੜ ਭਬਕੀ

ਮਾਲ ਮਹਿਕਮੇ ਦੇ ਨਵੇਂ ਬਣੇ ਮਾਲ ਮੰਤਰੀ ਨੇ ਆਪਣੇ ਮਹਿਕਮੇ ਦੇ ਸਾਰੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ, "ਅਸੀਂ ਲੋਕਾਂ ਨਾਲ ਵਾਅਦੇ ਕਰਕੇ ਆਏ ਹਾਂ ਕਿ ਤੁਹਾਨੂੰ ਸਾਫ਼-ਸੁਥਰਾ ਪ੍ਰਸ਼ਾਸਨ ਦੇਵਾਂਗੇ। ਤੁਸੀਂ ਆਪਣੇ ਕੰਮ ਕਰਨ ਦੇ ਤੌਰ ਤਰੀਕੇ ਬਦਲ ਲਵੋ। ਰਿਸ਼ਵਤ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਨਤਾ ਦੇ ਕੰਮ ਇਮਾਨਦਾਰੀ ਨਾਲ ਅਤੇ ਸਮੇਂ ਸਿਰ ਕਰੋ। ਰਿਸ਼ਵਤ ਲੈਣ ਵਾਲ਼ੇ ਨੂੰ ਨੌਕਰੀ ਤੋਂ ਬਰਖ਼ਾਸਤ ਕਰਕੇ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਸਜ਼ਾ ਕਰਵਾਈ ਜਾਵੇਗੀ। ਇਮਾਨਦਾਰ ਅਫਸਰਾਂ ਅਤੇ ਹੋਰ ਕਰਮਚਾਰੀਆਂ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ। ਭ੍ਰਿਸ਼ਟਾਚਾਰ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ ਜਾਵੇਗਾ।" ਮੀਟਿੰਗ ਤੋਂ ਬਾਅਦ ਚੰਡੀਗੜ੍ਹ ਤੋਂ ਲਈ ਸਸਤੀ ਸ਼ਰਾਬ ਦਾ ਇੱਕ-ਇੱਕ ਮੋਟਾ ਹਾੜਾ ਲਾ ਕੇ ਨਵਾਂ ਸਿੱਧਾ ਬਣਿਆ ਨਾਇਬ ਤਹਿਸੀਲਦਾਰ ਵੱਡੇ ਪੁਰਾਣੇ ਤਹਿਸੀਲਦਾਰ ਨੂੰ ਆਖਣ ਲੱਗਾ ਕਿ, "ਆਪਣੇ ਵਜ਼ੀਰ ਸਾਹਿਬ ਤਾਂ ਬੜੇ ਸਖ਼ਤ ਹਨ। ਰਿਸ਼ਵਤ ਦੇ ਬੜੇ ਖਿਲਾਫ਼ ਲੱਗਦੇ ਹਨ। ਆਪਾਂ ਵੀ ਆਪਣੇ ਆਪ ਨੂੰ ਠੀਕ ਕਰ ਲਈਏ।" ਵੱਡਾ ਤਹਿਸੀਲਦਾਰ ਬੋਲਿਆ ਕਿ, "ਤੇਰਾ ਵੀ ਦਿਮਾਗ ਖਰਾਬ ਹੈ। ਇਹ ਤਾਂ ਆਪਾਂ ਨੂੰ ਰਿਸ਼ਵਤ ਯਾਦ ਕਰਵਾਅ ਰਿਹਾ ਹੈ। ਜਿਵੇਂ ਭੁੱਖੇ ਨੂੰ ਪਾਈ ਬੁਝਾਰਤ ਕਹਿੰਦਾ ਟੁੱਕ ਜਿਹੜਾ ਆਦਮੀ ਕੱਲ੍ਹ ਤੱਕ ਚੋਣ ਜਿੱਤਣ ਲਈ ਲੱਖਾਂ ਰੁਪਈਆ ਖਰਚ ਚੁੱਕਾ ਹੋਵੇ। ਸ਼ਰਾਬ ਅਤੇ ਹੋਰ ਨਸ਼ਿਆਂ ਦੇ ਖੁੱਲ੍ਹੇ ਗੱਫੇ ਵੰਡੇ ਹੋਣ ਚੋਣ ਜਿੱਤਣ ਲਈ ਹਰ ਹੱਥ ਕੰਡਾ ਵਰਤਿਆ ਹੋਵੇ ਉਹ ਇਮਾਨਦਾਰ ਕਿਵੇਂ ਹੋ ਸਕਦਾ ਹੈ। ਇਹ ਤਾਂ ਗਿੱਦੜ ਭਬਕੀ ਹੈ। ਇਸਨੇ ਚੋਣਾਂ ਵਿੱਚ ਜਿੰਨਾ ਪੈਸਾ ਖਰਚਿਆ ਹੈ ਉਸ ਤੋਂ ਕਿਤੇ ਵੱਧ ਆਪਣੇ ਸਿਰ ਤੋਂ ਇਕੱਠਾ ਕਰਨਾ ਹੈ। ਐਵੇਂ ਘਬਰਾਈ ਜਾਨਾਂ ਮੈਂ ਤਾਂ ਹੁਣ ਤੱਕ ਅਜਿਹੇ ਵਜ਼ੀਰਾਂ ਦੀਆਂ ਪਤਾ ਨਹੀਂ ਕਿੰਨੀਆਂ ਕੁ ਗਿੱਦੜ ਭਬਕੀਆਂ ਸੁਣ ਚੁੱਕਾ ਹਾਂ। ਗਿੱਦੜ ਭਬਕੀ



ਜਿੰਨੀ ਵੱਡੀ ਹੋਵੇਗੀ ਉਨਾਂ ਹੀ ਉੱਪਰ ਵੱਡਾ ਹਿੱਸਾ ਭੇਜਣਾ ਪੈਣਾ ਹੈ। ਪਹਿਲਾਂ ਤੂੰ ਆਪ ਹੀ ਦੱਸ ਕਿ ਨਾਇਬ ਤਹਿਸੀਲਦਾਰ ਲੱਗਣ ਲਈ ਕਿੰਨਾ ਪੈਸਾ ਦਿੱਤਾ ਹੈ। ਤੂੰ ਉਹ ਪੂਰਾ ਕਰਨਾ ਹੈ। ਇਹਨੇ ਆਪਣਾ ਖਰਚ ਪੂਰਾ ਕਰਕੇ ਅਗਲੀ ਚੋਣ ਅਤੇ ਅਗਲੀ ਪੀੜ੍ਹੀ ਲਈ ਵੀ ਇਕੱਠੇ ਕਰਨੇ ਹਨ।" ਨਾਇਬ ਤਹਿਸੀਲਦਾਰ ਨੇ ਵੱਡੇ ਤਹਿਸੀਲਦਾਰ ਨੂੰ ਖੁਸ਼ ਹੋ ਕੇ ਆਖਿਆ ਕਿ ਮੰਨ ਗਏ ਤੁਹਾਡੀ ਅਕਲ ਅਤੇ ਤਜਰਬੇ ਨੂੰ, ਹੁਣ ਦੋਨੋਂ ਜਾਣੇ ਗੱਡੀ ਰੋਕ ਕੇ ਹੋਰ ਹਾੜਾ ਲਾਉਣ ਲਈ ਜੋਟੀ ਪਾ ਕੇ ਪੂਰੇ ਖੁਸ਼ ਮੂਡ ਵਿੱਚ ਢਾਬੇ ਵੱਲ ਜਾ ਰਹੇ ਸਨ।

# ਚਿੱਟੀ ਚੁੰਨੀ

ਅਮਰਜੀਤ ਨੂੰ ਘਰਾਂ 'ਚੋਂ ਲੱਗਦੀ ਭਰਜਾਈ ਨੇ ਆਖਿਆ ਕਿ, "ਤੂੰ ਐਨਾ ਬਾਹਰ ਫਿਰਦਾ ਤੁਰਦਾ ਏਂ, ਆਪਣੇ ਮੁੰਡੇ ਬਾਰੇ ਵੀ ਕੁਝ ਸੋਚ?" ਅਮਰਜੀਤ ਨੇ ਭਰਜਾਈ ਨੂੰ ਪੁੱਛਿਆ ਕਿ, "ਭਾਬੀ ਜੀ ਤੁਸੀਂ ਸਾਫ਼ ਦੱਸੋ ਕੀ ਚਾਹੁੰਦੇ ਹੋ?" "ਚਾਹੁਣਾ ਤਾਂ ਕੀ ਏ ਤੈਨੂੰ ਪਤਾ ਹੀ ਹੈ ਕਿ ਜਦੋਂ ਦੀ ਇਸਦੀ ਘਰ ਵਾਲ਼ੀ ਮਰੀ ਹੈ ਇਹ ਬੜਾ ਉਦਾਸ ਰਹਿੰਦਾ ਹੈ, ਕੋਈ ਬਾਲ ਬੱਚਾ ਹੁੰਦਾ ਤਾਂ ਗੱਲ ਹੋਰ ਸੀ। ਚਲੋ ਭਾਵੇਂ ਕੋਈ ਵਿਧਵਾ ਸਿਧਵਾ ਹੀ ਹੋਵੇ ਆਪਾਂ ਨਾ ਕੋਈ ਖਰਚ ਕਰਾਉਣਾ ਹੈ ਅਤੇ ਨਾ ਹੀ ਕਰਨਾ ਹੈ। ਤੈਨੂੰ ਪਤਾ ਹੀ ਹੈ ਕਿ ਪੁੱਤਰਾਂ ਪੋਤਰਿਆਂ ਨਾਲ ਹੀ ਘਰ ਸੋਹਣੇ ਲੱਗਦੇ ਹਨ, ਨਾਲ਼ੇ ਅੱਗੇ ਖਾਨਦਾਨ ਤੁਰਦੇ ਹਨ।" "ਭਾਬੀ ਜੀ ਗੁੱਸਾ ਤਾਂ ਨ੍ਹੀਂ ਕਰਦੇ ਜਦੋਂ ਆਪਣੀ ਜੀਤਾਂ ਭਰ ਜੁਆਨੀ ਵਿੱਚ ਵਿਧਵਾ ਹੋਈ ਸੀ, ਮੈਂ ਤੁਹਾਨੂੰ ਐਨਾ ਹੀ ਆਖਿਆ ਸੀ ਕਿ, "ਜੁਆਨ ਉਮਰ ਹੈ। ਪਹਾੜ ਜਿੱਡੀ ਜ਼ਿੰਦਗੀ ਹੈ। ਵਿਚਾਰੀ ਕਿਵੇਂ ਗੁਜ਼ਾਰੇਗੀ। ਆਪਾਂ ਕੋਈ ਲੜਕਾ ਵੇਖ ਲਈਏ। ਉਦੋਂ ਤੁਸੀਂ ਗੁੱਸਾ ਕੀਤਾ ਸੀ। ਪਤਾ ਕੀ ਆਖਿਆ ਸੀ ਕਿ ਪ੍ਰਮਾਤਮਾ ਨੇ ਇਸਨੂੰ ਚਿੱਟੀ ਚੁੰਨੀ ਬਖਸ਼ੀ ਹੈ। ਆਪਾਂ ਕੀ ਕਰ ਸਕਦੇ ਹਾਂ। ਕੀ ਹੁਣ ਪੁੱਤਰ ਨੂੰ ਚਿੱਟੀ ਪੱਗ ਨਹੀਂ ਬਖਸ਼ੀ ਜਾਂ ਜਿਹੜੀ ਤੁਸੀਂ ਆਖਦੇ ਹੋ ਕਿ ਭਾਵੇਂ ਵਿਧਵਾ ਹੀ ਹੋਵੇ ਕੀ ਉਸ ਨੂੰ ਪ੍ਰਮਾਤਮਾ ਨੇ ਚਿੱਟੀ ਚੁੰਨੀ ਨ੍ਹੀਂ ਬਖਸ਼ੀ ਹੋਵੇਗੀ? ਜਿਹੜੀ ਵਿਧਵਾ ਆਪਣਾ ਖਾਨਦਾਨ ਅੱਗੇ ਤੋਰੇਗੀ ਕੀ ਆਪਣੀ ਲੜਕੀ ਨੇ ਕਿਸੇ ਦਾ ਖ਼ਾਨਦਾਨ ਅੱਗੇ ਨਹੀਂ ਸੀ ਤੋਰਨਾ?' "ਭਾਬੀ ਆਪਾ-ਵਿਰੋਧੀ ਵਿਚਾਰਾਂ ਵਿੱਚ ਬੁਰੀ ਤਰ੍ਹਾਂ ਫਸ ਚੁੱਕੀ ਸੀ ਅਤੇ ਲਾਜਵਾਬ ਸੀ।



# ਚੋਣ ਜਲਸਾ

ਅੱਜ ਜਦੋਂ ਪਿੰਡ ਵਿੱਚ ਚੋਣ ਜਲਸਾ ਹੋ ਕੇ ਹਟਿਆ ਤਾਂ ਪਿੰਡ ਦੀ ਸੱਥ ਵਿੱਚ ਖੁੰਡ ਚਰਚਾ ਸ਼ੁਰੂ ਹੋ ਗਈ। ਕਰਤਾਰੇ ਅਮਲੀ ਦਾ ਕੁਝ ਜ਼ਿਆਦਾ ਹੀ ਮੂਡ ਬਣਿਆ ਹੋਇਆ ਸੀ। ਉਹ ਕਹਿੰਦਾ, "ਮੈਨੂੰ ਤਾਂ ਮੇਰੇ ਸਾਲ਼ੇ ਦੇ ਸਟੇਜ ਸੈਕਟਰੀ ਤੇ ਬੜਾ ਗੁੱਸਾ ਆਈ ਜਾਵੇ ਕਿਵੇਂ ਛਿੱਟੇ ਮਾਰੇ, ਕਿਵੇਂ ਪੂਛ ਮਾਰੇ, ਕਿਵੇਂ ਲੀਡਰ ਨੂੰ ਫੋਕੀ ਫੂਕ ਛਕਾਈ ਜਾਵੇ। ਮੇਰੇ ਸਾਲ਼ੇ ਦਾ ਗੱਲ ਨਾਲ਼ ਹੀ ਕਹਿ ਦਿਆ ਕਰੇ ਸਾਡੇ ਮਹਿਬੂਬ ਨੇਤਾ ਉਸ ਭਲੇ ਮਾਣਸ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਮਹਿਬੂਬ ਦਾ ਕੀ ਅਰਥ ਹੁੰਦਾ? ਜਾਣੀ ਕਿ ਬਹੁਤ ਹੀ ਪਿਆਰਾ। ਜੀਹਦੀ ਸ਼ਕਲ ਹੀ ਆਪਾਂ ਪਿੰਡ ਵਿੱਚ ਪਹਿਲੀ ਵੇਰ ਵੇਖੀ ਉਹ ਭਲਾ ਆਪਾਂ ਨੂੰ ਐਨਾ ਪਿਆਰਾ ਕਿਵੇਂ ਹੋ ਗਿਆ। ਇੱਕ ਹੋਰ ਕੀ ਕਹਿੰਦਾ ਸੀ। ਉਹ! ਹਾਂ ਸੱਚ ਯਾਦ ਆ ਗਿਆ। ਕਿਰਤੀ, ਕਿਸਾਨ, ਮਜ਼ਦੂਰ ਵਿਦਿਆਰਥੀਆਂ ਅਤੇ ਮੁਲਾਜ਼ਮਾਂ ਦੇ "ਮਸੀਹਾ" ਅਮਲੀ ਨੇ ਪਿੰਡ ਦੀ ਸੱਥ ਵਿੱਚ ਬੈਠੇ ਮਾਸਟਰ ਜਗਜੀਤ ਸਿੰਘ ਜੱਗਾ ਨੂੰ ਪੁੱਛਿਆ ਕਿ "ਮਸੀਹਾ" ਦਾ ਕੀ ਅਰਥ ਹੁੰਦਾ ਹੈ। ਜਦੋਂ ਉਸਨੇ ਦੱਸਿਆ ਕਿ ਇਸਦਾ ਅਰਥ "ਰੱਬ" ਹੁੰਦਾ ਹੈ। ਤਾਂ ਅਮਲੀ ਨੂੰ ਅੱਗ ਲੱਗ ਗਈ। ਕਹਿੰਦਾ, "ਜੇ ਕਿਤੇ ਮੈਨੂੰ ਇਸਦੇ ਅਰਥ ਜਲਸੇ ਵਿੱਚ ਪਤਾ ਲੱਗ ਜਾਂਦੇ ਮੈਂ ਤਾਂ ਸਟੇਜ ਸੈਕਟਰੀ ਨੂੰ ਗਲਾਮੇਂ ਤੋਂ ਫੜ ਕੇ ਧੂਹ ਕੇ ਸਟੇਜ ਤੋਂ ਥੱਲੇ ਲਾਹ ਦੇਣਾ ਸੀ। ਸਾਲਿਆ ਦੁਆਨੀ ਦਾ ਬੰਦਾ ਨਹੀਂ, ਜੀਹਨੂੰ ਤੂੰ ਰੱਬ ਦੱਸਦੈਂ। ਨਾਲੇ ਰੱਬ ਨੂੰ ਕੀ ਲੋੜ ਹੈ ਵੋਟਾਂ ਮੰਗਣ ਦੀ। ਰੱਬ ਵੋਟਾਂ ਮੰਗਣ ਆਇਆ ਸੀ ਕਿ ਕਿਸੇ ਕਬਜ਼ੇ 'ਤੇ ਆਇਆ ਸੀ। ਬੰਦੂਕਾਂ ਵਾਲਿਆਂ ਦੀ ਨਾਲ਼ ਫੌਜ਼ ਲਈ ਫਿਰਦਾ ਏ।" ਅਮਲੀ ਦੀ ਇਸ ਸਹਿਜ ਸੁਭਾਅ ਕਹੀ ਗੱਲ ਨੇ ਸਾਰੀ ਸੱਥ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ।

*(ਅਜੀਤ : 9.5.2004)*

# ਵੋਟ ਚਰਚਾ

ਹਰ ਰੋਜ਼ ਦੀ ਤਰ੍ਹਾਂ ਅੱਜ ਵੀ ਸੱਥ ਵਿੱਚ ਵੋਟ ਚਰਚਾ ਪੂਰੇ ਜ਼ੋਰਾਂ 'ਤੇ ਸੀ। ਜਦੋਂ ਬੀਰੇ ਨੇ ਕੈਲੇ ਨੂੰ ਆਖਿਆ ਕਿ ਤੇਰਾ ਵੀ ਕੋਈ ਸਟੈਂਡ ਹੈ। ਹਰ ਪਾਰਟੀ ਦੇ ਮੂਹਰੇ ਲੱਗ ਕੇ ਤੁਰ ਪੈਂਦਾ ਏਂ। ਕੈਲੇ ਨੂੰ ਇਸ ਗੱਲ ਦਾ ਗੁੱਸਾ ਲੱਗਿਆ। ਕਹਿੰਦਾ, "ਆਪਣਾ ਫਰਜ਼ ਬਣਦਾ ਹੈ ਜਦੋਂ ਕੋਈ ਵੀ ਪਾਰਟੀ ਪਿੰਡ ਵਿੱਚ ਆਵੇ ਆਪਾਂ ਉਸ ਨੂੰ ਜੀਅ ਆਇਆਂ ਆਖੀਏ। ਚੱਲ ਮੇਰਾ ਤਾਂ ਕੋਈ ਸਟੈਂਡ ਨਹੀਂ ਤੂੰ ਹਰ ਪਾਰਟੀ ਨੂੰ ਲੱਕੜ ਦਾ ਪੁੱਤ ਦੇ ਕੇ ਤੋਰ ਦੇਨਾਂ ਹਰੇਕ ਨੂੰ ਆਖ ਦੇਨਾ ਕੋਈ ਗੱਲ ਨਹੀਂ, ਵੋਟ ਤੁਹਾਨੂੰ ਹੀ ਪਾਵਾਂਗੇ। ਤੇਰਾ ਵੀ ਕੋਈ ਦੀਨ ਧਰਮ ਹੈ।" ਏਨੇ ਨਾਲ ਹੀ ਬੀਰੇ ਨੂੰ ਵੀ ਗੁੱਸਾ ਆ ਗਿਆ। ਕਹਿੰਦਾ, "ਸਾਲ਼ਿਆ ਮੇਰਾ ਦੀਨ ਧਰਮ ਪਰਖਦਾ ਏਂ। ਘਰ ਆਇਆਂ ਨੂੰ ਹੋਰ ਕੀ ਆਖਾਂ। ਤੇਰੇ ਵਾਂਗੂੰ ਚਮਚਾ ਨ੍ਹੀਂ ਬਣਦਾ। ਨਾ ਹੀ ਝੋਲ਼ੀ ਚੁੱਕਦਾ ਹਾਂ। ਐਨਾ ਕਹਿਣ ਦੀ ਦੇਰ ਸੀ ਕੈਲਾ ਅਤੇ ਬੀਰਾ ਚੁੰਬੜ ਪਏ। ਲੋਕਾਂ ਦੇ ਹਟਾਉਂਦੇ-ਹਟਾਉਂਦੇ ਹੀ ਇੱਕ ਦੂਜੇ ਦੇ ਜਿੰਨੀਆਂ ਲੱਗੀਆਂ ਲਾ ਦਿੱਤੀਆਂ। ਅਗਲੀ ਸਵੇਰ ਹੀ ਗੱਲ ਸਰਪੰਚ ਸਾਹਿਬ ਕੋਲ਼ ਪਹੁੰਚ ਗਈ। ਸਰਪੰਚ ਸਾਹਿਬ ਨੇ ਚੌਂਕੀਦਾਰ ਭੇਜਕੇ ਕੈਲੇ ਅਤੇ ਬੀਰੇ ਸਮੇਤ ਪੂਰੀ ਸੱਥ ਨੂੰ ਆਪਣੇ ਘਰ ਬੁਲਾ ਲਿਆ। ਵੇਂਹਦਿਆਂ-ਵੇਂਹਦਿਆਂ ਸਾਰੇ ਪਿੰਡ ਦਾ ਇਕੱਠ ਹੋ ਗਿਆ। ਸਰਪੰਚ ਸਾਹਿਬ ਕਹਿੰਦੇ ਜੋ ਕੁਝ ਕੱਲ੍ਹ ਸ਼ਾਮੀਂ ਸੱਥ ਵਿੱਚ ਹੋਇਆ ਬਹੁਤ ਮਾੜਾ ਹੋਇਆ। ਪੂਰੇ ਇਲਾਕੇ ਵਿੱਚ ਪੰਚਾਇਤ ਚੋਣਾਂ ਵਿੱਚ ਸਰਬ ਸੰਮਤੀ ਸਿਰਫ ਆਪਣੇ ਪਿੰਡ ਵਿੱਚ ਹੋਈ ਸੀ ਕਿਉਂਕਿ ਕਿਸੇ ਸਿਆਸੀ ਪਾਰਟੀ ਦਾ ਕੋਈ ਦਖ਼ਲ ਨਹੀਂ ਸੀ। ਇਹ ਲੀਡਰ ਪਿੰਡਾਂ ਵਿੱਚ ਨਫ਼ਰਤ ਭਰਨ ਤੋਂ ਬਿਨਾਂ ਹੋਰ ਕੁਝ ਨਹੀਂ ਕਰਦੇ। ਤੁਸੀਂ ਸਿਆਣੇ ਬਣੋ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਦਿੱਲੀ ਸਰਕਾਰ ਭਾਵ ਪੂਰੇ ਭਾਰਤ ਲਈ ਚੋਣ ਹੋ ਰਹੀ ਹੈ। ਇਸ ਤੋਂ ਪਹਿਲਾਂ ਜਿਹੜਾ ਪੰਜਾਬ ਸਰਕਾਰ ਵਿੱਚ ਆਪਣੇ ਇਲਾਕੇ ਦਾ ਵਜ਼ੀਰ ਬਣਿਆ ਕਦੇ ਆਇਆ ਹੈ। ਭਲਿਓ ਮਾਣਸੋ ਜੇ ਪੰਜਾਬ ਵਾਲ਼ਾ ਤੁਹਾਡੇ ਪਿੰਡ ਵਿੱਚ ਨਹੀਂ ਆਇਆ ਤਾਂ ਦਿੱਲੀ ਤੋਂ ਕੀਹਨੇ ਤੁਹਾਡੇ ਪਿੰਡ



ਆਉਣਾ ਹੈ। ਇਹਨਾਂ ਦੀ ਖਾਤਰ ਲੜਨਾ ਬਹੁਤ ਵੱਡੀ ਮੂਰਖਤਾ ਹੈ। ਵੋਟ ਗੁਪਤ ਹੈ ਜੀਹਨੂੰ ਮਰਜ਼ੀ ਪਾਓ। ਇਨ੍ਹਾਂ ਕਰਕੇ ਪਿੰਡ ਦਾ ਭਾਈਚਾਰਾ ਖਰਾਬ ਨਾ ਕਰੋ। ਮੈਂ ਕੈਲੇ ਅਤੇ ਬੀਰੇ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਉੱਠੋ ਹੱਥ ਮਿਲਾਓ ਅਤੇ ਘੁੱਟ ਕੇ ਗਲਵੱਕੜੀ ਪਾਓ।" ਦੋਨਾਂ ਨੇ ਉੱਠਕੇ ਹੱਥ ਮਿਲਾਇਆ ਅਤੇ ਗਲਵੱਕੜੀ ਪਾਈ। ਪਿੰਡ ਦੇ ਇਕੱਠ ਨੇ ਜ਼ੋਰਦਾਰ ਤਾੜੀ ਵਜਾਈ। ਸਰਪੰਚ ਸਾਹਿਬ ਦੇ ਉੱਚੇ ਸੁੱਚੇ ਵਿਚਾਰਾਂ ਦੀ ਭਰਪੂਰ ਪ੍ਰਸੰਸਾ ਕੀਤੀ ਜਾ ਰਹੀ ਸੀ।

*(ਅਜੀਤ : 9.5.2004)*

# ਲੀਡਰ

ਪਹਿਲੀ ਵੇਰ ਟਿਕਟ ਮਿਲਣ ਤੇ ਲੀਡਰ ਸਾਹਿਬ ਪੰਜਾਬ ਦੇ ਅਸਲੋਂ ਹੀ ਪਛੜੇ ਪਿੰਡ ਵਿੱਚ ਚੋਣ ਜਲਸੇ ਨੂੰ ਸੰਬੋਧਨ ਕਰ ਰਹੇ ਸਨ। "ਜੇ ਤੁਸੀਂ ਮੈਨੂੰ ਜਿਤਾਓਗੇ ਮੈਂ ਪਿੰਡ ਅਤੇ ਇਲਾਕੇ ਦੀਆਂ ਸਾਰੀਆਂ ਮੁਸ਼ਕਲਾਂ ਦੂਰ ਕਰ ਦੇਵਾਂਗਾ। ਪਿੰਡ ਦੀਆਂ ਗਲ਼ੀਆਂ, ਨਾਲ਼ੀਆਂ ਮੈਂ ਵੇਖ ਰਿਹਾ ਹਾਂ। ਸਭ ਕੱਚੀਆਂ ਨੇ ਪੱਕੀਆਂ ਕਰਵਾਂਗਾ। ਪਿੰਡ ਤੋਂ ਸ਼ਹਿਰ ਤੱਕ ਸੜਕ ਵੀ ਬਣਾਵਾਂਗਾ। ਪੀਣ ਲਈ ਸਾਫ਼ ਪਾਣੀ ਦਾ ਪ੍ਰਬੰਧ ਕਰਵਾਂਵਾਗਾ। ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਵਾਵਾਂਗਾ।" ਲੀਡਰ ਹਾਲੇ ਬੋਲ ਹੀ ਰਿਹਾ ਸੀ ਕਿ ਪਿੰਡ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਕੁਲਦੀਪ ਕੰਵਲ ਤੋਂ ਰਿਹਾ ਨਾ ਗਿਆ। ਉਸਨੇ ਇਕੱਠ ਵਿੱਚੋਂ ਹੀ ਆਪਣੀ ਥਾਂ ਤੋਂ ਉਠ ਕੇ ਬੋਲਣਾ ਸ਼ੁਰੂ ਕਰ ਦਿੱਤਾ ਕਿ, "ਲੀਡਰ ਸਾਹਬਿ ਤੁਸੀਂ ਜਿੱਤਕੇ ਕੀ ਕਰੋਗੇ? ਇਹ ਗੱਲ ਛੱਡੋ। ਤੁਸੀਂ ਹੁਣ ਤੱਕ ਕੀ ਕੀਤਾ, ਇਹ ਸਾਨੂੰ ਦੱਸੋ?" ਲੀਡਰ ਦੇ ਬੋਲਣ ਤੋਂ ਪਹਿਲਾਂ ਹੀ ਸਟੇਜ ਤੇ ਬੈਠੇ ਉਸਦੇ ਕੜਛੇ ਚਮਚੇ ਬੋਲ ਪਏ ਕਿ, "ਇਹ ਤਾਂ ਪਹਿਲੀ ਵੇਰ ਚੋਣ ਲੜ ਰਿਹਾ ਹੈ। ਇਹਨਾਂ ਨੂੰ ਮੌਕਾ ਦੇਵਾਂਗੇ ਫਿਰ ਹੀ ਇਹ ਆਪਣੇ ਲਈ ਕੁਝ ਕਰ ਸਕਣਗੇ।" ਨੌਜਵਾਨ ਕੁਲਦੀਪ ਫਿਰ ਬੋਲ ਪਿਆ ਕਿ, "ਮੈਂ ਤੁਹਾਨੂੰ ਨਹੀਂ ਲੀਡਰ ਸਾਹਿਬ ਨੂੰ ਸਵਾਲ ਕੀਤਾ ਸੀ। ਲੀਡਰ ਸਾਹਿਬ ਦਾ ਹੀ ਜਵਾਬ ਦੇਣਾ ਬਣਦਾ ਸੀ। ਚਲੋ ਮੰਨ ਲੈਨਾਂ ਇਹ ਨਵੇਂ ਹਨ ਇਹਨਾਂ ਦੀ ਪਾਰਟੀ ਕਿੰਨੀ ਪੁਰਾਣੀ ਹੈ। ਇਹ ਦੱਸਣ ਕਿ ਇਸਦੀ ਪਾਰਟੀ ਨੇ ਸਾਡੇ ਪਿੰਡ ਅਤੇ ਇਲਾਕੇ ਲਈ ਕੀ ਕੀਤਾ ਹੈ।" ਹੁਣ ਨਵਾਂ ਬਣਨ ਜਾ ਰਿਹਾ ਲੀਡਰ ਸਟੇਜ ਤੇ ਭਿੱਜੀ ਬਿੱਲੀ ਬਣਿਆ ਖੜ੍ਹਾ ਸੀ। ਕੜਛੇ ਚਮਚੇ ਨੀਵੀਂ ਪਾਈ ਬੈਠੇ ਸਨ। ਨੌਜਵਾਨ ਕੁਲਦੀਪ ਸਿੰਘ ਜੇਤੂ ਜਰਨੈਲ ਵਾਂਗ ਖੜ੍ਹਾ ਸੀ। ਲੋਕਾਂ ਦੀ ਜ਼ੋਰਦਾਰ ਤਾੜੀ ਉਸਦੀਆਂ ਕਹੀਆਂ ਗੱਲਾਂ ਉੱਪਰ ਮੋਹਰ ਦਾ ਕੰਮ ਕਰ ਰਹੀ ਸੀ।

*(ਦੇਸ਼ ਸੇਵਕ 16.5.2004)*



# ਅਸ਼ੀਰਵਾਦ

ਡੇਰੇ ਵਿੱਚ ਨਵੇਂ ਆਏ ਚੇਲੇ ਨੇ ਹੌਸਲਾ ਜਿਹਾ ਕਰਕੇ ਆਪਣੇ ਗੁਰੂ ਨੂੰ ਪੁੱਛ ਹੀ ਲਿਆ ਕਿ, "ਤੁਸੀਂ ਮਹਾਰਾਜ ਜੀ ਹਰ ਇੱਕ ਉਮੀਦਵਾਰ ਨੂੰ ਚੋਣ ਜਿੱਤਣ ਦਾ ਆਸ਼ੀਰਵਾਦ ਦੇਈ ਜਾਂਦੇ ਹੋ। ਜਿੱਤਣਾ ਤਾਂ ਇੱਕ ਨੇ ਹੈ। ਜਿਹੜਾ ਹਾਰ ਗਿਆ ਆਪਣੇ ਡੇਰੇ 'ਚ ਆ ਕੇ ਆਪਣੇ ਗਲ਼ ਨਹੀਂ ਪਵੇਗਾ?" "ਮੂਰਖਾ ਤੈਥੋਂ ਮੁਫਤੀ ਦੇ ਫਲ ਫਰੂਟ ਅਤੇ ਮਠਿਆਈਆਂ ਨਹੀਂ ਖਾਧੀਆਂ ਜਾਂਦੀਆਂ। ਆਹ ਤੇਰੇ ਕੋਲ ਬੈਠਾ ਪੈਂਤੀ ਸਾਲ ਪੁਰਾਣਾ ਚੇਲਾ ਇਹ ਤੋਂ ਪੁੱਛ ਲੈ ਕਦੇ ਉਲਾਮਾਂ ਆਇਆ ਜਾਂ ਕੋਈ ਗਲ਼ ਪਿਆ ਹੋਵੇ।" ਬਾਬਾ ਜੀ ਨੇ ਬੜੇ ਮਾਣ ਨਾਲ ਆਖਿਆ, "ਮਹਾਰਾਜ ਜੀ ਮੈਂ ਤਾਂ ਇਸ ਗੱਲੋਂ ਡਰਦਾ ਹਾਂ ਕਿ ਕੋਈ ਸਾਨੂੰ ਹੀ ਨਾ ਆਖ ਦੇਵੇ ਕਿ ਤੁਹਾਡੇ ਬਾਬੇ ਨੇ ਸਾਨੂੰ ਜਿੱਤਣ ਦਾ ਆਸ਼ੀਰਵਾਦ ਦਿੱਤਾ ਸੀ। ਅਸੀਂ ਹਾਰ ਗਏ ਹਾਂ। ਤੁਹਾਡਾ ਬਾਬਾ ਝੂਠਾ ਹੈ। ਫਿਰ ਸਾਨੂੰ ਦੱਸੋ ਅਸੀਂ ਕੀ ਆਖਾਂਗੇ।" ਪੁਰਾਣੇ ਚੇਲੇ ਵੱਲ ਇਸ਼ਾਰਾ ਕਰਕੇ ਬਾਬਾ ਜੀ ਕਹਿਣ ਲੱਗੇ, "ਦੱਸਦੇ ਬਈ ਜੇ ਇਹ ਨਹੀਂ ਹਟਦਾ।" "ਪਹਿਲੀ ਗੱਲ ਤਾਂ ਕਿਸੇ ਹਾਰੇ ਹੋਏ ਉਮੀਦਵਾਰ ਦੀ ਹਿੰਮਤ ਹੀ ਨਹੀਂ ਪੈਂਦੀ ਕੇ ਬਾਬਾ ਜੀ ਦੇ ਗਲ਼ ਪਵੇ ਕਿਉਂਕਿ ਉਸਨੂੰ ਫਿਰ ਵੀ ਅਸ਼ੀਰਵਾਦ ਦੀ ਲੋੜ ਪੈ ਸਕਦੀ ਹੈ। ਜੇ ਕੋਈ ਸਿਰ ਫਿਰਿਆ ਆ ਵੀ ਜਾਵੇ ਤਾਂ ਆਪਾਂ ਸਾਰਿਆਂ ਨੇ ਇਹੀ ਕਹਿਣਾ ਹੈ ਕਿ ਤੁਸੀਂ ਸਾਡੇ ਬਾਬਾ ਜੀ ਤੇ ਵਿਸ਼ਵਾਸ ਨਹੀਂ ਕੀਤਾ, ਤੁਸੀਂ ਕੀ ਜਿੱਤਣਾ ਸੀ।" ਨਵਾਂ ਚੇਲਾ ਫਿਰ ਬੋਲ ਪਿਆ, "ਜੇ ਉਹਨਾਂ ਨੂੰ ਵਿਸ਼ਵਾਸ ਸੀ ਤਾਈਉਂ ਆਏ।" "ਮੂਰਖਾ ਉਹ ਕਿਹੜਾ ਆਪਣੇ 'ਕੱਲਿਆਂ ਕੋਲ ਆਏ ਹਨ। ਇਹ ਤਾਂ ਸਾਰੇ ਬਾਬਿਆਂ ਤੋਂ ਅਸ਼ੀਰਵਾਦ ਲੈਂਦੇ ਹਨ। ਇੱਕ-ਇੱਕ ਹਲਕੇ ਵਿੱਚ ਸੌ ਸੌ ਬਾਬਾ ਹੈ। ਜਦੋਂ ਆਪਾਂ ਵਿਸ਼ਵਾਸ ਨਾ ਕਰਨ ਦੀ ਗੱਲ ਆਖੀ ਉਹਨਾਂ ਨੂੰ ਭੱਜਣ ਨੂੰ ਰਾਹ ਨਹੀਂ ਲੱਭਣਾ ਕਿਉਂਕਿ ਉਹਨਾਂ ਨੂੰ ਆਪਣਾ ਪਾਲ਼ਾ ਮਾਰ ਜਾਣਾ ਹੈ। ਉਹਨਾਂ ਸਮਝਣਾ ਬਾਬਾ ਜਾਣੀ ਜਾਣ ਹੈ।" ਨਵੇਂ ਚੇਲੇ ਦੇ ਚਿਹਰੇ ਤੇ ਹੁਣ ਲੋਹੜੇ ਦੀ ਖੁਸ਼ੀ ਸੀ ਕਿ ਲੀਡਰ ਲੋਕਾਂ ਨੂੰ ਬੇਵਕੂਫ਼ ਬਣਾ ਰਹੇ ਹਨ। ਸਾਡੇ ਬਾਬਾ ਜੀ ਲੀਡਰਾਂ ਨੂੰ ਬਣਾ ਰਹੇ ਹਨ।

*(ਪੰਜਾਬੀ ਟ੍ਰਿਬਿਊਨ 9.5.2004)*

# ਮੋਬਾਈਲ ਫ਼ੂਨ

ਭਾਵੇਂ ਉਹ ਐਕਸੀਡੈਂਟ ਤੋਂ ਬਾਅਦ ਠੀਕ ਹੋ ਗਿਆ ਸੀ। ਪਰ ਹੁਣ ਵੀ ਜਦੋਂ ਕਿਤੇ ਮੋਬਾਈਲ ਫ਼ੂਨ ਦੀ ਗੱਲ ਚਲਦੀ ਤਾਂ ਉਸਨੂੰ ਕੱਚੀ ਤ੍ਰੇਲੀ ਆ ਜਾਂਦੀ ਅਤੇ ਉਹ ਸੁੰਨ ਹੋ ਜਾਂਦਾ। ਕਈ ਵੇਰ ਬੇਹੋਸ਼ ਹੋ ਜਾਂਦਾ ਤੇ ਦੰਦਲ ਵੀ ਪੈ ਜਾਂਦੀ। ਆਮ ਡਾਕਟਰਾਂ ਦੀ ਸਮਝ ਤੋਂ ਗੱਲ ਬਾਹਰ ਸੀ। ਅਖੀਰ ਕਿਸੇ ਸਿਆਣੇ ਬੰਦੇ ਨੇ ਸੁਝਾਅ ਦਿੱਤਾ ਕਿ ਇਸਨੂੰ ਕਿਸੇ ਮਾਹਰ ਮਨੋਵਿਗਿਆਨੀ ਨੂੰ ਵਿਖਾਓ। ਮਨੋਵਿਗਿਆਨੀ ਡਾਕਟਰ ਨੇ ਪਹਿਲੀ ਮੁਲਾਕਾਤ ਵਿੱਚ ਹੀ ਸਾਰਾ ਕਾਰਨ ਜਾਣ ਲਿਆ ਸੀ ਕਿ ਜਦੋਂ ਉਸਦਾ ਐਕਸੀਡੈਂਟ ਹੋਇਆ ਕਿਵੇਂ ਉਹ ਆਪਣੀ ਕਾਰ ਵਿੱਚ ਫਸ ਚੁੱਕਿਆ ਸੀ। ਐਕਸੀਡੈਂਟ ਵਾਲੀ ਥਾਂ 'ਤੇ ਜਿਹੜਾ ਸਭ ਤੋਂ ਪਹਿਲਾ ਬੰਦਾ ਰੁਕਿਆ ਤਾਂ ਇਸਨੇ ਆਪਣੀ ਜੇਬ ਵਿੱਚੋਂ ਮੋਬਾਈਲ ਫ਼ੂਨ ਕੱਢਿਆ। ਉਸਨੂੰ ਘਬਰਾਈ ਅਤੇ ਥਿੜਕਦੀ ਅਵਾਜ਼ ਨਾਲ ਆਖਿਆ ਕਿ ਇਸ ਵਿੱਚ ਮੇਰੇ ਘਰ ਦਾ ਨੰਬਰ ਹੈ। ਮੇਰੇ ਘਰ ਸੂਚਿਤ ਕਰ ਦੇਵੋ ਤਾਂ ਉਸ ਭਲੇ ਮਾਣਸ ਨੇ ਇਸਦੇ ਘਰ ਫੋਨ ਕਰਨ ਦੀ ਬਜਾਏ ਸਕੂਟਰ ਨੂੰ ਕਿੱਕ ਮਾਰੀ। ਮੋਬਾਈਲ ਲੈ ਕੇ ਰਫੂ ਚੱਕਰ ਹੋ ਗਿਆ। ਹੁਣ ਜਦੋਂ ਵੀ ਇਸਨੂੰ ਉਹ ਸੀਨ ਯਾਦ ਆਉਂਦਾ ਹੈ ਤਾਂ ਇਸਦਾ ਬੁਰਾ ਹਾਲ ਹੋ ਜਾਂਦਾ ਹੈ। ਡਾਕਟਰ ਸਾਹਿਬ ਨੇ ਉਸਨੂੰ ਉਸਾਰੂ ਸੁਝਾਅ ਅਤੇ ਕੁਝ ਦਵਾਈ ਖਾਣ ਵਾਸਤੇ ਦਿੱਤੀ। ਹੁਣ ਪਹਿਲਾਂ ਨਾਲੋਂ ਕਾਫੀ ਠੀਕ ਸੀ। ਡਾਕਟਰ ਸਾਹਿਬ ਨੇ ਉਸਦੇ ਪਰਿਵਾਰ ਨੂੰ ਵੀ ਸੁਝਾਅ ਦਿੱਤਾ ਕਿ ਇਹ ਠੀਕ ਹੋ ਜਾਣਗੇ ਤੁਸੀਂ ਫੋਨ ਸ਼ਬਦ ਦੀ ਵਰਤੋਂ ਇਹਨਾਂ ਕੋਲ਼ ਨਹੀਂ ਕਰਨੀ ਬਲਕਿ ਇਹਨਾਂ ਨੂੰ ਫੋਨ ਦੀ ਘੰਟੀ ਵੀ ਨਹੀਂ ਸੁਣਨੀ ਚਾਹੀਦੀ।"



# ਵੰਡ

ਦੋਨਾਂ ਭਰਾਵਾਂ ਦੀ ਵੰਡ ਵੰਡਾਈ ਦਾ ਮਸਲਾ ਜਦੋਂ ਕੁਝ ਜ਼ਿਆਦਾ ਹੀ ਗੰਭੀਰ ਹੋ ਗਿਆ ਤਾਂ ਪਿੰਡ ਦੀ ਪੰਚਾਇਤ ਬੁਲਾਈ ਗਈ। ਪੰਚਾਇਤ ਨੇ ਦੋਨਾਂ ਦੀ ਸਹਿਮਤੀ ਨਾਲ ਘਰ ਦੀਆਂ ਸਾਰੀਆਂ ਵਸਤਾਂ ਠੀਕ ਢੰਗ ਨਾਲ ਵੰਡ ਦਿੱਤੀਆਂ ਸਨ। ਅਖੀਰ ਵਿੱਚ ਬੁੱਢੇ ਮਾਂ ਬਾਪ ਦੀ ਗੱਲ ਚੱਲੀ। ਪੰਚਾਇਤ ਨੇ ਦੋਨਾਂ ਭਰਾਵਾਂ ਨੂੰ ਪੁੱਛਿਆ ਕਿ, "ਦੱਸੋ ਬਈ, ਮਾਂ ਬਾਪ ਨੂੰ ਕਿਹੜਾ ਸਾਂਭੇਗਾ। ਦੋਨੋਂ ਭਰਾ ਚੁੱਪ ਸੀ। ਵਾਰ-ਵਾਰ ਪੁੱਛਣ ਤੇ ਵੀ ਜਦੋਂ ਉਹ ਸੰਭਾਲਣ ਲਈ ਸਹਿਮਤ ਨਾ ਹੋਏ ਤਾਂ ਪੰਚਾਇਤ ਨੇ ਫੈਸਲਾ ਕਰ ਦਿੱਤਾ ਕਿ ਇੱਕ ਬਾਪ ਨੂੰ ਸੰਭਾਲੇਗਾ ਅਤੇ ਦੂਜਾ ਮਾਂ ਸੰਭਾਲੇਗਾ। ਕਿਉਂ ਬਈ ਸਹਿਮਤ ਹੋ?" ਪੰਚਾਇਤ ਨੇ ਦੋਨੋਂ ਭਰਾਵਾਂ ਨੂੰ ਪੁੱਛਿਆ। ਦੋਨਾਂ ਨੇ ਜੱਕੋ ਤੱਕੀ ਵਿੱਚ ਮਲਵੀਂ ਜਿਹੀ ਜੀਭ ਨਾਲ ਹਾਂ ਕਰ ਦਿੱਤੀ। ਹੁਣ ਬੁੱਢਾ ਬਾਪ ਉਠਿਆ। ਕੰਬਦੀ ਅਤੇ ਥਿੜਕਦੀ ਅਵਾਜ਼ ਵਿੱਚ ਬੋਲਿਆ, "ਮੈਂ ਪੰਚਾਇਤ ਦਾ ਵੰਡ ਵੰਡਾਈ ਲਈ ਧੰਨਵਾਦ ਕਰਦਾ ਹਾਂ ਅਤੇ ਪੁੱਛਦਾ ਹਾਂ ਕਿ ਝਗੜਾ ਮੇਰੇ ਦੋਨਾਂ ਪੁੱਤਰਾਂ ਵਿੱਚ ਸੀ। ਤੁਸੀਂ ਉਹਨਾਂ ਨੂੰ ਅੱਡੋ ਅੱਡੀ ਕਰਕੇ ਵਸਤਾਂ ਵੰਡਣ ਆਏ ਸੀ। ਅਸੀਂ ਦੋਨੋਂ ਜੀਅ ਨਾ ਤਾਂ ਝਗੜੇ ਹਾਂ ਤੇ ਨਾ ਹੀ ਸਾਡਾ ਕੋਈ ਰੌਲ਼ਾ ਹੈ। ਨਾ ਅਸੀਂ ਤੁਹਾਨੂੰ ਆਪਣੀ ਵੰਡ ਵੰਡਾਈ ਵਾਸਤੇ ਸੱਦਿਆ ਹੈ। ਮੇਰੇ ਸਮਝ ਤੋਂ ਬਾਹਰ ਹੈ ਕਿ ਅਸੀਂ ਦੋਹਾਂ ਜੀਆਂ ਨੇ ਜਦੋਂ ਵੱਖ ਹੋਣਾ ਸੀ ਉਦੋਂ ਨਹੀਂ ਹੋਏ ਹੁਣ ਬੁੱਢੇ ਵਾਰੇ ਤੁਸੀਂ ਸਾਨੂੰ ਧੱਕੇ ਨਾਲ ਹੀ ਵੱਖ ਕਰ ਦਿੱਤਾ ਹੈ। ਮੈਂ ਵੱਡੇ ਪੁੱਤਰ ਨੂੰ ਪੁੱਛਦਾ ਹਾਂ ਕਿ ਮੈਨੂੰ ਉਹ ਰੋਟੀ ਦੇਵੇਗਾ? ਪੁੱਤਰ ਬੋਲਿਆ, "ਜਦੋਂ ਪੰਚਾਇਤ ਨੇ ਫੈਸਲਾ ਕਰ ਹੀ ਦਿੱਤਾ ਮੈਂ ਰੋਟੀ ਦੇਵਾਂਗਾ।" "ਇੱਕ ਸਮੇਂ ਦੋ ਰੋਟੀਆਂ ਤਾਂ ਦਿਆ ਕਰੇਂਗਾ?" "ਹਾਂ ਜ਼ਰੂਰ ਦਿਆ ਕਰਾਂਗਾ।" "ਪੰਚਾਇਤ ਨੂੰ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਅਸੀਂ ਉਹ ਦੋਨੋਂ ਰੋਟੀਆਂ ਦੋਨੋਂ ਜੀਅ ਇੱਕ-ਇੱਕ ਕਰਕੇ ਖਾ ਲਿਆ ਕਰਾਂਗੇ। ਪਰ ਬੁੱਢੇ ਵਾਰੇ ਵੱਖ ਨਹੀਂ ਹੋ ਸਕਦੇ।" ਪੰਚਾਇਤ ਵਿੱਚ ਸੰਨਾਟਾ ਛਾ ਗਿਆ ਸੀ। ਆਪਣੇ ਮਜ਼ਬੂਰੀ ਵੱਸ ਕੀਤੇ ਫੈਸਲੇ ਤੇ ਬੁਰੀ ਤਰ੍ਹਾਂ ਪਛਤਾਅ ਰਹੇ ਸਨ। ਕੁਝ ਮੈਂਬਰਾਂ ਦੀਆਂ ਅੱਖਾਂ ਨਮ ਵੀ ਹੋ ਗਈਆਂ ਸਨ।

# ਸ਼ਰਧਾ

ਸ਼ਰਧਾਂਜਲੀ ਸਮਾਗਮ ਵਿੱਚ ਅਜੇ ਸਿਰਫ਼ ਤਿੰਨ ਕੁ ਬੁਲਾਰੇ ਹੀ ਬੋਲੇ ਸਨ। ਬੀਬੀਆਂ ਵੱਲੋਂ ਘੁਸਰ ਮੁਸਰ ਦੀ ਅਵਾਜ਼ ਆਉਣ ਲੱਗ ਪਈ। ਸਟੇਜ ਸੈਕਟਰੀ ਨੇ ਬੜੀ ਨਿਮਰਤਾ ਸਹਿਤ ਬੇਨਤੀ ਕੀਤੀ ਪਰ ਬੀਬੀਆਂ ਤੇ ਕੋਈ ਅਸਰ ਨਾ ਹੋਇਆ। ਸੈਕਟਰੀ ਨੇ ਬੜੇ ਦੁੱਖੀ ਮਨ ਨਾਲ ਆਖਿਆ ਕਿ, "ਅਫਸੋਸ ਦੀ ਗੱਲ ਹੈ ਕਿ ਇੱਕ ਮਹਾਨ ਸ਼ਹੀਦ ਪ੍ਰਤੀ ਸਾਡੇ ਬੁਲਾਰੇ ਕਿੰਨੀ ਸ਼ਰਧਾ ਦਾ ਪ੍ਰਗਟਾਵਾ ਕਰ ਰਹੇ ਹਨ। ਉਸਦੀ ਅਦੁੱਤੀ ਕੁਰਬਾਨੀ ਬਾਰੇ ਦੱਸ ਰਹੇ ਹਨ ਕਿ ਕਿਵੇਂ ਇਕੱਲੇ ਨੇ ਲੰਬਾ ਸਮਾਂ ਲੜਦਿਆਂ ਦੁਸ਼ਮਣ ਦੇ ਦੰਦ ਖੱਟੇ ਕੀਤੇ ਅਤੇ ਆਖਰ ਵਿੱਚ ਸਾਡੇ ਸਭ ਲਈ ਸ਼ਹੀਦੀ ਪਾ ਗਏ। ਫਿਰ ਮਾਂ ਬਾਪ ਦਾ ਇਕਲੌਤਾ ਪੁੱਤਰ ਹੋਵੇ। ਤੁਸੀਂ ਆਪਣੇ ਪੁੱਤਰਾਂ ਨੂੰ ਇੱਕ ਪਲ ਵੀ ਪਰ੍ਹੇ ਨਹੀਂ ਕਰ ਸਕਦੀਆਂ। ਪਰ ਉਹ ਮਹਾਨ ਮਾਂ ਤੁਹਾਡੇ ਵਿੱਚ ਬੈਠੀ ਹੈ ਜਿਸਨੇ ਆਪਣੇ ਦਿਲ ਦਾ ਬਹੁਤ ਹੀ ਪਿਆਰਾ ਟੁਕੜਾ ਤੁਹਾਡੇ ਉੱਤੋਂ ਵਾਰਿਆ ਹੈ। ਉਹ ਕੀ ਸੋਚਦੀ ਹੋਵੇਗੀ? ਮੈਂ ਦੇਖ ਰਿਹਾ ਹਾਂ ਕਈ ਬੀਬੀਆਂ ਬਿਨਾਂ ਦੇਗ ਲਏ ਤੋਂ ਘਰਾਂ ਨੂੰ ਪਰਤ ਗਈਆਂ ਹਨ। ਕੁਝ ਪੱਬਾਂ ਭਾਰ ਹੋਈਆਂ ਬੈਠੀਆਂ ਹਨ ਕਿ ਕਦੋਂ ਸਮਾਂ ਮਿਲੇ ਚੋਰੀ ਛਿਪੇ ਖਿਸਕਣ ਦਾ। ਇੱਕ ਮਹਾਨ ਸ਼ਹੀਦ ਪ੍ਰਤੀ ਤੁਹਾਡੀ ਐਨੀ ਘਟੀਆ ਸ਼ਰਧਾ ਵੇਖ ਕੇ ਮਨ ਨੂੰ ਬੜਾ ਦੁੱਖ ਹੋਇਆ ਹੈ। ਕਿਸੇ ਪਖੰਡੀ ਸਾਧ ਦੇ ਦੀਵਾਨ ਸੁਣਨ ਲਈ ਦਿਨ ਤਾਂ ਕੀ ਤੁਸੀਂ ਸਾਰੀ-ਸਾਰੀ ਰਾਤ ਝੂਮ-ਝੂਮ ਕੇ ਹਾਜ਼ਰੀ ਭਰ ਸਕਦੀਆਂ ਹੋ। ਅੰਨ੍ਹੀ ਸ਼ਰਧਾ ਵਿੱਚ ਤੁਸੀਂ ਇਹ ਵੀ ਨਹੀਂ ਸੋਚਦੀਆਂ ਕਿ ਜਿਹੜਾ ਉਸਨੇ ਆਪਣੇ ਕੋਲ ਗ੍ਰੰਥ ਰੱਖਿਆ ਹੈ, ਉਹ ਅਸਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਕਿ ਨਕਲੀ ਹੈ ਜੋ ਕਿ ਚੇਲੇ ਚਪਟਿਆਂ ਤੋਂ ਤਿਆਰ ਕਰਵਾਇਆ ਹੋਇਆ ਹੈ। ਜਿਸ ਵਿੱਚ ਪਖੰਡੀ ਸਾਧ ਦੀ ਫੋਕੀ ਪ੍ਰਸੰਸਾ ਤੋਂ ਬਿਨਾਂ ਕੁਝ ਨਹੀਂ ਹੁੰਦਾ। ਇਸ ਨੌਜਵਾਨ ਨੇ ਖੁਸ਼ੀਆਂ ਤੁਹਾਡੇ ਤੋਂ ਵਾਰ ਕੇ ਆਪਣੇ ਪਿੰਡ ਦਾ ਨਾਂ ਰੌਸ਼ਨ ਕੀਤਾ ਹੈ। ਤੁਸੀਂ ਉਸ ਮਹਾਨ ਸ਼ਹੀਦ ਲਈ ਜ਼ਿੰਦਗੀ ਦੇ ਕੁਝ ਪਲ ਵੀ ਦੇਣ ਨੂੰ ਤਿਆਰ ਨਹੀਂ। ਕੈਸੀ ਸ਼ਰਧਾ ਹੈ ਇਹ।" ਹੁਣ ਬੀਬੀਆਂ ਚੁੱਪ ਸਨ।



*(ਇੱਕ ਨਿੱਘੀ ਮਿੱਠੀ ਪਿਆਰੀ ਅਭੁੱਲ ਯਾਦ)*

# ਸਦਾ ਨਾ ਬਾਗੀਂ ਬੁਲਬੁਲ ਬੋਲੇ

ਇਹ ਤੁਕ ਕਿਸੇ ਸਿਆਣੇ ਆਦਮੀ ਨੇ ਸੋਚ ਸਮਝ ਕੇ ਬਣਾਈ ਹੋਵੇਗੀ ਕਿ "ਸਦਾ ਨਾ ਬਾਂਗੀ ਬੁਲਬੁਲ ਬੋਲੇ ਸਦਾ ਨਾ ਰਹਿਣ ਬਹਾਰਾਂ" ਸਚਮੁੱਚ ਇਹ ਅਰਥ ਭਰਪੂਰ ਅਤੇ ਇਕ ਅਟੱਲ ਸਚਾਈ ਹੈ ਇਸ ਸਚਾਈ ਨੂੰ ਤਸਦੀਕ ਕਰਦੀ ਇੱਕ ਨਿੱਘੀ ਮਿੱਠੀ ਯਾਦ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗਾ ਮੈਂ ਪ੍ਰਾਇਮਰੀ ਆਪਣੇ ਪਿੰਡ ਤਲਵੰਡੀ ਕਲਾਂ ਤੋਂ ਕਰਨ ਉਪਰੰਤ ਛੇਵੀਂ ਜਮਾਤ ਵਿੱਚ ਲਾਗਲੇ ਪਿੰਡ ਸਵੱਦੀ ਕਲਾਂ ਵਿਖੇ ਦਾਖ਼ਲ ਹੋ ਗਿਆ। ਉਸ ਸਕੂਲ ਦੀ ਬਹੁਤ ਪੁਰਾਣੀ ਬਿਲਡਿੰਗ ਡਿੰਗੂ-ਡਿੰਗੂ ਕਰਦੀਆਂ ਛੱਤਾਂ ਅਤੇ ਘਟੀਆਂ ਮਹੌਲ ਨੇ ਪਹਿਲਾਂ ਪਹਿਲ ਮੈਨੂੰ ਬੜਾ ਭੈ-ਭੀਤ ਕੀਤਾ। ਮਨ ਬੜਾ ਉਦਾਸ ਹੋਇਆ। ਸਕੂਲ ਵਿੱਚ ਚਪੜਾਸੀ ਚੌਕੀਦਾਰ ਅਤੇ ਮਾਲੀ ਜ਼ਰੂਰ ਸਨ ਪਰ ਫੁੱਲ ਜਾਂ ਫੁੱਲਾਂ ਦੀ ਕਿਆਰੀ ਕਿਤੇ ਵਿਖਾਈ ਨਹੀਂ ਸੀ ਦੇਂਦੀ, ਦਿਨ 'ਚ ਇਕ ਅੱਧਾ ਪੀਰੀਅਡ ਲੱਗ ਜਾਂਦਾ। ਅਧਿਆਪਕ ਵੀ ਮੌਜ਼ਾਂ ਲੈਂਦੇ ਸਨ। ਸਾਨੂੰ ਵੀ ਖੇਡਣ ਦੀਆਂ ਖੱਲ੍ਹੀਆਂ ਛੁੱਟੀਆਂ ਸਨ। ਇਹ ਮਹੌਲ ਤਿੰਨ ਮਹੀਨੇ ਤੋਂ ਵੱਧ ਸਮੇਂ ਤਕ ਨਾ ਚਲ ਸਕਿਆ। ਇੱਕ ਬਹੁਤ ਹੀ ਸੁਲਝੇ ਸਿਆਣੇ ਦੂਰ ਅੰਦੇਸ਼ ਮੁੱਖ-ਅਧਿਆਪਕ ਸ: ਚੰਨਣ ਸਿੰਘ ਦੀ ਬਦਲੀ ਕਿਸੇ ਅਭਾਗੇ ਸਕੂਲ ਵਿੱਚੋਂ ਇਸ ਸਕੂਲ ਦੀ ਕਾਇਆ ਕਲਪ ਕਰਨ ਲਈ ਇੱਥੋਂ ਦੀ ਹੋ ਗਈ ਬਸ ਫਿਰ ਕੀ ਸੀ ਅੱਜ ਹੋਰ ਕੱਲ੍ਹ ਹੋਰ ਦਿਨਾਂ ਵਿੱਚ ਹੀ ਸਕੂਲ ਦੀਆਂ ਧੁੰਮਾਂ ਚੌਹੀ ਪਾਸੀਂ ਪੈ ਗਈਆਂ ਜਿੱਥੇ ਵੱਡੇ-ਵੱਡੇ ਟਿੱਬੇ ਸਨ। ਉੱਥੇ ਵਿਦਿਆਰਥੀ ਹਾਕੀਆਂ ਲੈ ਕੇ ਬਾਲਾਂ ਨਾਲ ਕਲੋਲਾਂ ਕਰਨ ਲੱਗੇ। ਦੂਸਰੀ ਗਰਾਊਂਡ ਵਿੱਚ ਕਬੱਡੀ ਹੋ ਰਹੀ ਹੁੰਦੀ। ਤੀਜੇ ਗਰਾਊਂਡ ਵਿੱਚ ਬਾਲੀਵਾਲ ਚੱਲ ਰਹੀ ਹੁੰਦੀ। ਉਹ ਮਹਾਨ ਵਿਅਕਤੀ ਸਾਰੀਆਂ ਖੇਡਾਂ ਵਿਦਿਆਰਥੀਆਂ ਨਾਲ ਆਪ ਖੁਦ ਖੇਡਿਆ ਕਰਦਾ ਸੀ। ਹਰ ਚੰਗੇ ਖਿਡਾਰੀ ਨੂੰ ਸਕੂਲ ਵੱਲੋਂ ਦੁੱਧ ਫਲ ਆਦਿ ਦਿੱਤੇ ਜਾਣ ਲੱਗੇ। ਉਸ ਸਮੇਂ ਦੇ ਖੇਡਾਂ ਅਤੇ ਪੜ੍ਹਾਈ ਦੇ ਰਿਕਾਰਡ ਸਕੂਲ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੇ ਹੋਏ ਹਨ।

ਫੁੱਲਾਂ ਤੋਂ ਸੱਖਣੀਆਂ ਕਿਆਰੀਆਂ ਫੁੱਲਾਂ ਨਾਲ ਭਰੀਆਂ ਪਈਆਂ ਸਨ। ਸਕੂਲ ਦੇ ਫਾਰਮ ਵਿੱਚ ਫੁੱਲ ਫਲ ਸਬਜ਼ੀਆਂ ਆਦਿ ਪੈਦਾ ਕੀਤੀਆਂ ਜਾਣ ਲੱਗੀਆਂ। ਹਰ ਜਮਾਤ ਦਾ ਇੱਕ ਪੀਰੀਅਡ ਫਾਰਮ ਵਿੱਚ ਹੋਇਆ ਕਰਦਾ ਸੀ, ਫਾਰਮ ਤੋਂ ਚੌਖੀ ਕਮਾਈ ਹੋਣ ਲੱਗ ਪਈ। ਸਕੂਲ ਵਿੱਚ ਲੱਗੇ ਅੰਬਾਂ ਦੇ ਬੂਟਿਆਂ ਤੇ ਕੋਇਲਾਂ ਕੂਕਣ

ਲੱਗੀਆਂ। ਚੌਹੀ ਪਾਸੀ ਬਹਾਰ ਹੀ ਬਹਾਰ ਸੀ, ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਵਿਦਿਆਰਥੀ ਤਾਂ ਖਾਕੀ ਵਰਦੀ ਵਿੱਚ ਆਉਂਦੇ ਹੀ ਸਨ। ਪਰ ਮੁੱਖ ਅਧਿਆਪਕ ਸ: ਚੰਨਣ ਸਿੰਘ ਜੀ ਆਪ ਵੀ ਖੁਦ ਖਾਕੀ ਵਰਦੀ ਵਿੱਚ ਆਇਆ ਕਰਦੇ ਸਨ। ਉਹ ਕਿਸੇ ਡੀ. ਐਸ. ਪੀ. ਤੋਂ ਘੱਟ ਨਹੀਂ ਸੀ ਲੱਗਦੇ। ਐਨੀ ਸੋਹਣੀ ਉਹਨਾਂ ਦੀ ਪਰਸਨੈਲਟੀ ਸੀ। ਉਹਨਾਂ ਦੀ ਪ੍ਰੇਰਨਾ ਸਦਕਾ ਬਣੀ ਭੰਗੜੇ ਦੀ ਟੀਮ ਜਿਥੇ ਸਕੂਲ ਵਿੱਚ ਹਰ ਸਮਾਗਮ ਦੀ ਸ਼ਾਨ ਹੋਇਆ ਕਰਦੀ ਸੀ। ਉਥੇ ਆਸੇ ਪਾਸੇ ਹੋਣ ਵਾਲੇ ਸਮਾਗਮਾਂ ਵਿੱਚ ਵੀ ਲੋਕ ਉਹਨਾਂ ਨੂੰ ਬੁਲਾਇਆ ਕਰਦੇ ਸਨ। ਹਰ ਸਮਾਗਮ ਦੀ ਸਟੇਜ ਸਕੱਤਰੀ ਸਾਡੇ ਪੰਜਾਬੀ ਅਧਿਆਪਕ ਸ: ਚੈਂਚਲ ਸਿੰਘ ਬੜੀ ਮਿੱਠੀ ਪਿਆਰੀ ਸੋਹਜ ਭਰੀ ਅਤੇ ਜੋਸ਼ੀਲੀ ਅਵਾਜ਼ ਵਿੱਚ ਕਰਿਆ ਕਰਦੇ ਸਨ। ਜਦੋਂ ਸਕੂਲ ਦੇ ਬਹੁਤ ਹੀ ਸੋਹਣੇ ਸੁਨੱਖੇ ਨੌਜਵਾਨ ਬਲਵੰਤ ਸਿੰਘ ਦੀ ਅਗਵਾਈ ਵਿੱਚ ਭੰਗੜਾ ਟੀਮ ਨੱਚਦੀ ਟੱਪਦੀ ਮੋਰਾਂ ਵਾਂਗ ਪੈਲਾਂ ਪਾਉਂਦੀ ਸਟੇਜ ਤੇ ਆਉਂਦੀ ਤਾਂ ਧਰਤੀ ਤੇ ਸਵਰਗ ਉੱਤਰ ਆਉਂਦਾ ਸੀ। ਸਾਡੀ ਜਮਾਤ ਦਾ ਬਹੁਤ ਹੀ ਹੋਣਹਾਰ ਵਿਦਿਆਰਥੀ ਮੁਖਤਿਆਰ ਸਿੰਘ ਜਦੋਂ ਬੋਲੀਆਂ ਪਾਉਣ ਲਈ ਮਾਈਕ ਤੇ ਆਉਂਦਾ ਤੇ ਆਪਣੀ ਸੁਰੀਲੀ ਅਤੇ ਜਾਦੂਮਈ ਅਵਾਜ਼ ਨਾਲ ਸਭ ਸਰੋਤਿਆਂ ਨੂੰ ਝੂੰਮਣ ਲਾ ਦਿੰਦਾ ਇਸ ਸਮੇਂ ਦੌਰਾਨ ਸਕੂਲ ਨੇ ਹਰ ਪੱਖੋਂ ਰੀਕਾਰਡ ਤੋੜ ਤਰੱਕੀ ਕੀਤੀ। ਅੱਜ ਜਦੋਂ ਮੈਂ ਸਵੱਦੀ ਸਕੂਲ ਦਾ ਪਿਛਲਾ ਸਮਾਂ ਯਾਦ ਕਰਦਾ ਹਾਂ ਤਾਂ ਖੁਸ਼ੀ ਦੇ ਨਾਲ-ਨਾਲ ਘੋਰ ਉਦਾਸੀ ਵੀ ਹੁੰਦੀ ਹੈ ਕਿ ਨਾ ਤਾਂ ਸਾਡੇ ਪਿਆਰੇ ਮੁਖ ਅਧਿਆਪਕ ਸ: ਚੰਨਣ ਸਿੰਘ ਨਾ ਹੀ ਪੰਜਾਬੀ ਅਧਿਆਪਕ ਸ: ਚੈਂਚਲ ਸਿੰਘ ਨਾ ਹੀ ਭੰਗੜਾ ਕਪਤਾਨ ਬਲਵੰਤ ਸਿੰਘ ਨਾ ਹੀ ਬਹੁਤ ਹੀ ਹੋਣਹਾਰ ਵਿਦਿਆਰਥੀ ਮੁਖਤਿਆਰ ਸਿੰਘ ਸਾਡੇ ਵਿੱਚ ਰਹੇ। ਸਾਰੇ ਜੋਬਨ ਰੁੱਤੇ ਇਸ ਰੰਗਲੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਹ ਬਹਾਰਾਂ, ਕੋਇਲਾਂ ਦਾ ਕੂਕਣਾ, ਫੁੱਲਾਂ ਲੱਦੀਆਂ ਕਿਆਰੀਆਂ ਨੂੰ ਇੰਝ ਲਗਦਾ ਹੈ ਕਿ ਉਹ ਆਪਣੇ ਨਾਲ ਲੈ ਗਏ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ ਕਿ "ਸਦਾ ਨਾ ਬਾਂਗੀ ਬੁਲਬੁਲ ਬੋਲੇ ਸਦਾ ਨਾ ਰਹਿਣ ਬਹਾਰਾਂ"